ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖਾਲਸਾ ਸਮਾਚਾਰ
## Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 25, 24-30 June, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੫, ੨੪-੩੦ ਜੂਨ ੨੦੨੧, ਜਿਲਦ ੩੧ | ੧੦-੧੬ ਹਾੜ ੨੦੭੮, ਨਾਨਕਸ਼ਾਹੀ ਸੰਮਤ ੫੫੩

ਪ੍ਰਕਾਸ਼ ਪੁਰਬ : 25 ਜੂਨ

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ : ਜਨਮ ਤੇ ਬਾਲਪਨ

❖ **ਭਾਈ ਸਾਹਿਬ ਭਾਈ ਵੀਰ ਸਿੰਘ**

੧੬੫੧ ਬਿਕ੍ਰਮੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਨ ਕਿ ਇਕ ਦਿਨ ਪਤਿਬ੍ਰਤ ਧਰਮ ਦੀ ਪੁੰਜ, ਸਤਵੰਤੀ ਅਰ ਸੁਧ ਸੁਭਾਉ ਸੁਪਤਨੀ ਗੰਗਾ ਜੀ ਨੇ ਬੇਨਤੀ ਕੀਤੀ, "ਆਪ ਸਭ ਦੀਆਂ ਅਸਾਂ ਪੁਜਾਉਂਦੇ ਹੋ ਅਤੇ ਤ੍ਰਿਲੋਕੀ ਪਰ ਉਪਕਾਰ ਕਰਦੇ ਹੋ; ਮੈਨੂੰ ਪੁੱਤਰ ਦਾਨ ਬਖਸ਼ੋ।"

ਗੁਰੂ ਜੀ ਨੇ ਉਤਰ ਦਿਤਾ, "ਹੇ ਪ੍ਰਿਯਾ, ਬਿਨਾ ਸ੍ਰਮ ਅਰ ਪ੍ਰੇਮ ਦੇ ਕੋਈ ਵਸਤ ਨਹੀਂ ਮਿਲਦੀ। ਜੇਕਰ ਇਹ ਚਾਹ ਹੈ, ਤਦ ਵਡਾਲੀ ਦੀ ਰੱਖ ਵਿਚ ਬਾਬਾ ਬੁੱਢਾ ਜੀ, ਗੁਰੂ ਨਾਨਕ ਜੀ ਦੇ ਸੱਚੇ ਸਿਖ, ਰਹਿੰਦੇ ਹਨ, ਉਨ੍ਹਾਂ ਪਾਸ ਜਾ ਕੇ ਅਸੀਸ ਮੰਗੋ, ਓਹ ਪੂਰੇ ਭਾਂਡੇ ਹਨ।"

ਸਵੇਰੇ ਹੀ ਮਾਤਾ ਜੀ ਰੱਥ ਵਿਚ ਬੈਠ, ਸੇਵਕ ਨਾਲ ਲੈ ਤੁਰੀ। ਦੂਰੋਂ ਧੂੜ ਉਡਦੀ ਵੇਖ ਬਾਬੇ ਨੇ ਕਿਹਾ, 'ਆਹ ਕੀਹ?' ਕਿਸੇ ਕਿਹਾ, 'ਗੁਰੂ ਕੇ ਮਹਲ।'


ਸੁਭ ਸੁਭਾਉ ਬਾਬੇ ਨੇ ਕਿਹਾ, 'ਕਿਹੀ ਭਾਜੜ ਪੈ ਗਈ?'

ਇਨੇ ਨੂੰ ਮਾਤਾ ਨੇ ਜਦ ਆ ਕੇ ਮਨੋਰਥ ਕਿਹਾ, ਤਦ ਬਾਬੇ ਹੱਸ ਕੇ ਕਿਹਾ, 'ਮੈਂ ਗੁਰੂ ਦਾ ਘਾਹੀ, ਗੁਰੂ ਆਪ ਸਮਰਥ ਹਨ। ਮੈਂ ਕਿਸ ਜੋਗ ਹਾਂ, ਸੂਰਜ ਦੇ ਅਗੇ ਦੀਵਾ ਕੀ ਕਰ ਸਕਦਾ ਹੈ?'

ਉਦਾਸ ਹੋ ਮਾਤਾ ਮੁੜ ਆਈ ਪਰ ਗੁਰੂ ਜੀ ਦੇ ਸਮਝਾਉਣ ਪਰ ਦੂਏ ਦਿਨ ਆਪ ਅੰਨ ਪੀਹ, ਮਿੱਸੀਆਂ ਰੋਟੀਆਂ ਪਕਾ, ਲੱਸੀ ਰਿੜਕ, ਰੁਪੇ ਧਰ, ਆਪ ਚੁਕ ਕੇ, ਪੈਦਲ ਜੂਹ ਵਿਚ ਬਾਬੇ ਪਾਸ ਲੈ ਕੇ ਆਈ। ਉਸ ਵੇਲੇ ਉਨ੍ਹਾਂ ਦੇ ਪਰਸ਼ਾਦ ਦਾ ਵੇਲਾ ਸੀ, ਅਗੇ ਵਧ ਕੇ ਮਾਤਾ ਤੋਂ ਭਾਰ ਲਹਾਇਆ ਅਰ ਹੱਸ ਕੇ ਕਿਹਾ, 'ਮਾਤਾ ਨੇ ਅਜ ਕਿੱਡੀ ਦਇਆ ਕੀਤੀ!'

ਭੋਜਨ ਛਕਦੇ ਜਾਣ ਅਤੇ ਭੋਲੇ ਭਾ ਹੱਸ ਹੱਸ ਕੇ ਕਹੀ ਜਾਣ, 'ਤੁਰਕਾਂ ਦਾ ਸਿਰ ਭੰਨਣ ਵਾਲਾ, ਬਲੀ, ਜੋਧਾ, ਧਰਮ ਰਖਸ਼ਕ ਪੁਤਰ ਅਕਾਲ ਪੁਰਖ ਬਖ਼ਸ਼ੇਗਾ।'

ਸੋ ਸੱਤਜ ਹੋਇਆ ਪਰ ਉਸ ਤੋਂ ਪਹਿਲੇ, ਪ੍ਰਿਥੀਏ ਦੀ ਚੁਕ ਨਾਲ, ਨਵਾਬ ਸੁਲਹੀ ਖਾਂ ਨੇ ਜਦ ਗੁਰੂ ਜੀ ਨੂੰ ਲੁਟਣ ਲਈ ਅੰਮ੍ਰਿਤਸਰ ਵਲ ਧਾਈ ਕੀਤੀ ਤਦ ਗੁਰੂ ਜੀ ਅਗੇ ਹੀ ਖਬਰ



**ਭਾਈ ਰੂਪਾ ਦੇ ਪਰਵਾਰ ਕੋਲ ਸੁਰੱਖਿਅਤ ਇਤਿਹਾਸਿਕ ਰੱਥ ਜਿਸ ਵਿਚ ਬੈਠ ਕੇ ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਪਾਸ ਗਏ।**

ਅੰਦਰ............


- ☐ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਅਸਥਾਨ 3
- ☐ ਸੰਤ ਬਿਮਲਾ ਸਿੰਘ: ਗਈ ਬਹੋੜ 5
- ☐ Guru Tegh Bahadur: Protector of Human Rights 7
- ☐ ਖ਼ਬਰ-ਸਾਰ 9
- ☐ ਪੁਸਤਕ-ਪੜਚੋਲ: **ਅਨੰਦ ਕਾਰਜ** 10
- ☐ ਸ਼ਬਦ ਵਿਆਖਿਆ 11
- ☐ ਰਿਪੋਰਟ: ਡਾ. ਪ੍ਰੀਆ ਅਟਵਾਲ ਦੀ ਪੁਸਤਕ ਤੇ ਚਰਚਾ 12



ਗੁਰਦੁਆਰਾ ਗੁਰੂ ਕੀ ਵਡਾਲੀ (ਜਨਮ-ਅਸਥਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ)

ਮਿਲਦੇ, ਸਣੇ ਪਰਵਾਰ ਵਡਾਲੀ ਚਲੇ ਗਏ। ਇਨੀ ਕਾਹਲੀ ਵਿਚ ਗਏ ਕਿ ਬਾਬੇ ਬੁੱਢੇ ਦਾ 'ਭਾਜੜ' ਵਾਲਾ ਵਾਕ ਮਾਨੋਂ ਅੱਖਰ ਅੱਖਰ ਸੱਤਜ ਹੋ ਗਿਆ। ਇਸੇ ਪਿੰਡ, ਜੋ ਅੰਮ੍ਰਿਤਸਰੋਂ ਥੋੜੀ ਵਾਟ ਉਪਰ ਹੈ, ਸੰਮਤ ੧੬੫੨ (1595 ਏ. ਡੀ.) ਵਿਚ ਹਾੜ ਵਦੀ ਇਕ, ਐਤਵਾਰ ਅੱਧੀ ਰਾਤ ਨੂੰ, ਹਰਿ ਗੋਬਿੰਦ ਜੀ ਅਵਤਾਰ ਧਾਰੀ ਹੋਏ। ਘਰ ਘਰ ਖੁਸ਼ੀ ਹੋਈ ਪਰ ਪ੍ਰਿਥੀਆ ਬਹੁਤ ਸੜਿਆ ਅਤੇ ਇਕ ਦਾਈ ਨੂੰ ਕੁਛ ਦੇਣਾ ਕਰ ਕੇ ਬਾਲ ਘਾਤ ਲਈ ਘਲਿਆ ਪਰ ਉਹ ਉਸ ਦਾ ਮਨੋਰਥ ਪੂਰਾ ਨਾ ਕਰ ਸਕੀ। ਫੇਰ ਇਕ ਸਪੇਰੇ ਨੂੰ ਘਲਿਆ, ਪਰ ਇਹ ਪਾਪ-ਵਾਸ਼ਨਾ ਵੀ ਨਾ ਪੂਰੀ ਹੋਈ। ਹਰਿ ਗੋਬਿੰਦ ਜੀ ਦਿਨੋਂ ਦਿਨ ਆਤਮਾ ਅਤੇ ਸਰੀਰ ਕਰ ਕੇ ਬ੍ਰਿਦੀ ਕਰਦੇ ਰਹੇ, ਕੁਛ ਚਿਰ ਪਿਛੋਂ ਮਾਤਾ ਗੰਗਾ ਜੀ ਦੀ ਬੇਨਤੀ ਮੂਜਬ ਗੁਰੂ ਜੀ ਫੇਰ ਅੰਮ੍ਰਿਤਸਰ ਆ ਰਹੇ।

ਦੇਖੋ, ਮਾਤਾ ਗੰਗਾ ਦਾ ਸੀਲ ਸੁਭਾਉ, ਅੰਮ੍ਰਿਤਸਰ ਆ ਕੇ ਪਹਿਲਾਂ ਜੇਠ ਦੇ ਘਰ ਗਈ ਅਤੇ ਪੁਤਰ ਨੂੰ ਪ੍ਰਿਥੀਏ ਦੇ ਚਰਨਾਂ ਵਿਚ ਰਖ ਕੇ ਮੱਥਾ ਟੇਕਿਆ, ਜਿਸ ਨੇ ਉਪਰੋਂ ਕੁਝ ਕਹਿ ਕੇ ਸਮਾਂ ਟਪਾ ਲਿਆ ਪਰ ਅੰਦਰੋਂ ਉਸ ਦੀ ਵਹੁਟੀ ਅਤੇ ਉਸ ਦੇ ਮਨ ਵਿਚ ਸੱਪ ਲੇਟਨ ਲਗ ਪਏ, ਫਿਰ ਵੀ ਮਾਤਾ ਗੰਗਾ ਜੀ ਨੇ ਹਿਰਦੇ ਵਿਚ ਵੈਰ ਨਹੀਂ ਰਖਿਆ; ਮਨ ਦੀ ਸੁਧੀ ਅਤੇ ਵੈਰ-ਭਾਵਨਾ ਤੋਂ ਸਫਾਈ ਦਾ ਸੱਚਾ ਨਮੂਨਾ ਦਿਖਾ ਦਿਤਾ। ਮਹਾਂਦੇਵ ਜੀ ਬਾਲਕ ਨਾਲ ਵੱਡਾ ਹਿੱਤ ਕਰਨ ਲਗ ਗਏ ਅਤੇ ਮਿਲ ਕੇ ਬਹੁਤ ਪ੍ਰਸੰਨ ਹੁੰਦੇ।

ਜਦ ਸ੍ਰੀ ਹਰਿਗੋਬਿੰਦ ਜੀ ਪੰਜ ਵਰ੍ਹੇ ਦੇ ਹੋਏ ਤਾਂ ਮਾਤਾ ਨਿਕਲ ਆਈ। ਸੁੰਦਰ ਸਰੀਰ ਫਫੋਲਿਆਂ ਨਾਲ ਇਉਂ ਭਰ ਗਿਆ, ਜਿਕੁਰ ਗੜੇ ਧਰਾ ਪੁਰ ਪੈਂਦੇ ਹਨ। ਤਪ ਅਤੇ ਘੂਕੀ ਨੇ ਬੇਸੁਧ ਕਰ ਦਿਤਾ। ਮਾਤਾ ਗੰਗਾ ਜੀ ਹਰ ਵੇਲੇ ਪੁਤ੍ਰ ਦੇ ਸਿਰ੍ਹਾਣੇ ਬੈਠੇ ਰਹਿੰਦੇ ਅਤੇ ਸੇਵਾ ਵਿਚ ਵੱਡਾ ਜਤਨ ਕਰਦੇ। ਉਨ੍ਹਾਂ ਦਾ ਅਚਰਜ ਹਾਲ ਸੀ : ਸਿਕਦੀ ਉਲਾਦ, ਪਿਆਰੀ ਸੂਰਤ, ਪ੍ਰੇਮ ਦੇ ਪੁਤਲੇ ਹੋਣ ਕਰਕੇ ਲਾਡਲੇ ਦੁਲਾਰੇ ਨੂੰ ਇਸ ਮਹਾਂ ਖੇਦ ਵਿਚ ਦੁੱਖੀ ਦੇਖ ਅਤੇ ਇਸ ਰੋਗ ਦੇ ਆਸ ਤੋੜ ਦੇਣ ਵਾਲੇ ਅੰਤ ਨੂੰ ਸੋਚ ਕੇ ਚਿਤ ਦੀਆਂ ਵਾਗਾਂ ਹੱਥੋਂ ਨਿਕਲ ਜਾਂਦੀਆਂ। ਅੱਖਾਂ ਵਿਚ ਜਲ ਭਰ ਆਉਂਦਾ, ਅਤੇ ਇਕ ਹਨੇਰਾ ਜਿਹਾ ਦਿਸਦਾ, ਪਰ ਧਰਮ ਮੂਰਤੀ ਪਤੀ ਦੇ ਉਪਦੇਸ਼, ਆਪਣਾ ਪਰਮੇਸ਼ਰ ਵਿਚ ਦ੍ਰਿੜ ਵਿਸ਼ਵਾਸ ਅਤੇ ਗਿਆਨ, ਹੋੜ ਵਰਜ ਕੇ ਮਨ ਨੂੰ ਫਿਰ ਸਾਵਧਾਨ ਕਰ ਦਿੰਦੇ। ਫਿਰ ਬੀ ਖਾਣਾ ਪੀਣਾ ਬਹੁਤ ਘਟ ਗਿਆ। ਪਰਮੇਸ੍ਵਰ ਅਗੇ ਪ੍ਰਾਰਥਨਾ ਵਿਚ ਅਤੇ ਪੁਤ੍ਰ ਦੀ ਸੇਵਾ ਵਿਚ ਸਾਰਾ ਸਮਾਂ ਬਤੀਤ ਕਰਦੇ। ਕਰਤਾਰ ਦੀ ਕੁਦਰਤ ਅਠ ਦਸ ਦਿਨਾਂ ਮਗਰੋਂ ਮਾਤਾ ਮੁੜੀ ਅਤੇ ਸਰੀਰ ਨਵਾਂ ਨਰੋਆ ਹੋ ਗਿਆ। ਉਸ ਵੇਲੇ ਗੁਰੂ ਜੀ ਨੇ ਦੋ ਸ਼ਬਦ ਉਚਾਰੇ। ਪਹਿਲਾ ਸ਼ਬਦ ਤਾਪ ਦੇ ਸ਼ਮਨ ਦਾ ਸੀ ਤੇ ਦੂਸਰਾ ਸੀਤਲਾ ਦੇ ਹਟ ਜਾਣ ਤੇ ਨੇਤ੍ਰਾਂ ਦੇ ਸਹੀ ਸਲਾਮਤ ਖੁਲ੍ਹ ਆਉਣ ਪਰਥਾਇ ਹੈ, ਉਹ ਸ਼ਬਦ ਸਨ:-

**ਗਉੜੀ ਮਹਲਾ ੫॥**  
**ਸਾਂਤਿ ਭਈ ਗੁਰ ਗੋਬਿਦਿ ਪਾਈ॥**  
**ਤਾਪ ਪਾਪ ਬਿਨਸੇ ਮੇਰੇ ਭਾਈ॥੧॥ਰਹਾਉ॥**  
**ਰਾਮ ਨਾਮੁ ਨਿਤ ਰਸਨ ਬਖਾਨ॥**  
**ਬਿਨਸੇ ਰੋਗ ਭਏ ਕਲਿਆਨ॥੧॥**  
**ਪਾਰਬ੍ਰਹਮ ਗੁਣ ਅਗਮ ਬੀਚਾਰ॥**  
**ਸਾਧੂ ਸੰਗਮਿ ਹੈ ਨਿਸਤਾਰ॥੨॥**  
**ਨਿਰਮਲ ਗੁਣ ਗਾਵਹੁ ਨਿਤ ਨੀਤ॥**  
**ਗਈ ਬਿਆਧਿ ਉਬਰੇ ਜਨ ਮੀਤ॥੩॥**  
**ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ॥**  
**ਨਾਨਕ ਦਾਸ ਤੇਰੀ ਸਰਣਾਈ॥੪॥੧੦੨॥**

**ਗਉੜੀ ਮਹਲਾ ੫॥**  
**ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥**  
**ਭਰਮ ਗਏ ਪੂਰਨ ਭਈ ਸੇਵ॥੧॥ਰਹਾਉ॥**  
**ਸੀਤਲਾ ਤੇ ਰਖਿਆ ਬਿਹਾਰੀ॥**  
**ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥**  
**ਨਾਨਕ ਨਾਮੁ ਜਪੈ ਸੋ ਜੀਵੈ॥**  
**ਸਾਧਸੰਗਿ ਹਰਿ ਅੰਮ੍ਰਿਤੁ ਪੀਵੈ॥੨॥੧੦੩॥੧੭੨॥**

ਜਦ ਸੀਤਲਾ ਤੋਂ ਹਰਿਗੋਬਿੰਦ ਜੀ ਰਾਜ਼ੀ ਹੋਏ ਤਾਂ ਪ੍ਰਿਥੀਆ ਬਹੁਤ ਦੁੱਖੀ ਹੋਇਆ। ਹੋਰ ਤਾਂ ਕੁਛ ਨਾ ਆਹੁੜੀ, ਗੁਰੂ ਜੀ ਦੇ ਬ੍ਰਾਹਮਣ ਨੌਕਰ ਨੂੰ ਜੋ ਗੁਰੂ ਨੰਦਨ ਦਾ ਖਿਡਾਵਾ ਸੀ, ਧਨ ਦੇਣਾ ਕਰਕੇ ਬਾਲਕ ਨੂੰ ਵਿਹੁ ਦਿਵਾਉਣ ਦਾ ਬੰਦੋਬਸਤ ਕੀਤਾ।

'ਹੋਨਹਾਰ ਬਿਰਵਾ ਕੇ ਹੋਤ ਚੀਕਨੇ ਪਾਤ', ਜਿਸ ਦੁੱਧ ਵਿਚ ਵਿਹੁ ਰਲਾ ਕੇ ਕਪਟੀ ਬ੍ਰਾਹਮਣ ਉਨ੍ਹਾਂ ਨੂੰ ਪਿਲਾਉਣਾ ਚਾਹੁੰਦਾ ਸੀ, ਉਨ੍ਹਾਂ ਨਾ ਪੀਤਾ ਅਰ ਰੋ ਪਏ। ਆਵਾਜ਼ ਸੁਣ ਕੇ ਮਾਤਾ ਗੰਗਾ ਜੀ ਨੇ ਦੁੱਧ ਕੁੱਤੇ ਨੂੰ ਪਾ ਦਿਤਾ, ਓਹ ਪੀਂਦਾ ਹੀ ਮਰ ਗਿਆ। ਕੁਕਰਮ ਦੀ ਫਿਟਕਾਰ ਅਤੇ ਧਰਮ-ਨਿਆਂ ਕਰਕੇ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥


– **ਸ੍ਰੀ ਅਸ਼ਟ ਗੁਰ ਚਮਤਕਾਰ**, ਭਾਗ 3

# ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਅਸਥਾਨ: ਮਹਿਰੌਲੀ

❖ ਡਾ. ਹਰਬੰਸ ਕੌਰ ਸਾਗੂ

ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਤਾਂ 1970 ਵਿਚ ਹੀ ਹੋ ਗਈ ਸੀ। 1969 ਈ. ਵਿਚ ਜਦੋਂ ਖਾਲਸਾ ਪੰਥ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਮਨਾ ਰਿਹਾ ਸੀ ਤਾਂ ਬਾਬਾ ਜਤਿੰਦਰ ਪਾਲ ਸਿੰਘ ਤੇ ਹੋਰ ਬੰਦਈ ਸਿੱਖਾਂ ਨੇ ਜਥੇਦਾਰ ਸੰਤੋਖ ਸਿੰਘ ਜੀ, ਜੋ ਉਸ ਵਕਤ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸਨ, ਨੂੰ ਬੇਨਤੀ ਕੀਤੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਅਸਥਾਨ ਦੀ ਨਿਸ਼ਾਨਦੇਹੀ ਕਰਾਕੇ, ਉਨ੍ਹਾਂ ਦਾ ਸ਼ਹੀਦੀ ਅਸਥਾਨ ਬਣਾਇਆ ਜਾਵੇ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ੍ਰ. ਗਿਆਨ ਸਿੰਘ ਐਬਟਾਬਾਦ ਤੇ ਜ. ਸਕੱਤਰ ਜਥੇਦਾਰ ਸੰਤੋਖ ਸਿੰਘ ਨੇ ਤੁਰੰਤ ਕਮੇਟੀ ਦੀ ਇਕੱਤਰਤਾ ਬੁਲਾਈ, ਜਿਸ ਵਿਚ ਇਕ ਮਤਾ ਪਾਸ ਕਰਕੇ ਸ਼ਹੀਦੀ ਅਸਥਾਨ ਬੰਦਾ ਸਿੰਘ ਬਹਾਦਰ ਲੱਭ ਕੇ ਉਥੇ ਇਤਿਹਾਸਕ ਗੁਰਦੁਆਰਾ ਸਥਾਪਤ ਕਰਨ ਦਾ ਮੁੱਢਲਾ ਫੈਸਲਾ ਕੀਤਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਲਈ ਡਾ. ਗੰਡਾ ਸਿੰਘ ਇਤਿਹਾਸਕਾਰ ਦੀ ਸਲਾਹ ਨਾਲ ਇਕ ਸਬ-ਕਮੇਟੀ ਬਣਾਈ ਗਈ, ਜਿਸ ਵਿਚ ਡਾ. (ਗਿਆਨੀ) ਭਜਨ ਸਿੰਘ, ਸ. ਗੁਰਚਰਨ ਸਿੰਘ ਮਸਤਾਨਾ (ਮਹਿਰੋਲੀ) ਅਤੇ ਭਗਤ ਜਸਵੰਤ ਸਿੰਘ (ਬੰਦਈ ਰਤਨ) ਜਲੰਧਰ ਵੀ ਇਸ ਕਮੇਟੀ ਦੇ ਮੈਂਬਰ ਸਨ। ਇਸ ਕਮੇਟੀ ਨੇ ਇਤਿਹਾਸਕ ਹਵਾਲੇ ਇਕੱਤਰ ਕੀਤੇ ਜਿਨ੍ਹਾਂ ਤੋਂ ਸਿੱਧ ਹੁੰਦਾ ਸੀ ਕਿ ਸ਼ਹੀਦੀ ਅਸਥਾਨ, ਮਹਿਰੋਲੀ ਵਿਚ ਸੂਫ਼ੀ ਸੰਤ ਬਖ਼ਤਿਆਰ ਕਾਕੀ ਦੀ ਦਰਗਾਹ ਤੇ ਬਾਹਰਵਾਰ ਬੜੇ ਵੱਡੇ ਉੱਚੇ ਗੇਟ ਥੱਲੇ ਹੋਈ ਸੀ। ਕਮੇਟੀ ਨੂੰ 19ਵੀਂ ਸ਼ਤਾਬਦੀ ਦੇ ਪੱਥਰ ਦੇ ਛਾਪੇ ਨਾਲ ਛਪੇ ਇਕ ਕਿਤਾਬਚੇ ਦੀ ਕਾਪੀ ਵੀ ਮਿਲੀ, ਜਿਸ ਦੇ ਮੁੱਖ ਪੰਨੇ ਤੇ ਸ਼ਹੀਦੀ ਅਸਥਾਨ ਦੀ ਤਸਵੀਰ ਸੀ, ਉਸ ਵਿਚ ਇਸ ਵਿਸ਼ਾਲ ਦਰਵਾਜ਼ੇ ਦਾ ਚਿੱਤਰ ਸੀ ਤੇ ਦਰਵਾਜ਼ੇ ਦੇ ਇਕ ਪਾਸੇ, ਪੁਰਾਣੀ ਕਚਹਿਰੀ ਦੀ ਇਮਾਰਤ ਵਿਖਾਈ ਗਈ ਸੀ ਤੇ ਦੂਜੇ ਪਾਸੇ ਇਸ ਵਿਸ਼ਾਲ ਦਰਵਾਜ਼ੇ ਦੇ ਉੱਪਰ ਜਾਣ ਲਈ ਪਉੜੀਆਂ ਦਿਖਾਈਆਂ ਗਈਆਂ ਸਨ। ਗਿਆਨੀ ਜਸਵੰਤ ਸਿੰਘ (ਜਨਤਕ ਪ੍ਰੈੱਸ ਵਾਲੇ) ਮਹਿਰੋਲੀ ਨੂੰ ਨਾਲ ਲੈ ਕੇ, ਇਹ ਸਬ-ਕਮੇਟੀ ਉਸ ਅਸਥਾਨ ਤੇ ਗਈ। ਇਸ ਅਸਥਾਨ ਦੀ ਭਾਲ ਵਿਚ ਸਭ ਤੋਂ ਵੱਡਾ ਉੱਦਮ ਗਿਆਨੀ ਗੁਰਬਚਨ ਸਿੰਘ ਮਸਤਾਨਾ ਜੀ ਦਾ ਸੀ।



ਬਾਬਾ ਬੰਦਾ ਸਿੰਘ ਬਹਾਦਰ ਸ਼ਹੀਦੀ ਅਸਥਾਨ, ਮਹਿਰੌਲੀ

ਸਬ-ਕਮੇਟੀ ਨੇ ਜਥੇਦਾਰ ਸੰਤੋਖ ਸਿੰਘ ਸਾਹਿਬ ਨਾਲ ਗੱਲਬਾਤ ਕੀਤੀ ਤੇ ਉਹ ਆਪ ਇਹ ਥਾਂ ਦੇਖਣ ਆਏ। ਇਸ ਦਰਵਾਜ਼ੇ ਦੇ ਪੱਛਮ ਵਾਲਾ ਥੰਮ ਪੁਰਾਣੀ ਸਰਕਾਰੀ ਇਮਾਰਤ ਨਾਲ ਜੁੜਿਆ ਹੋਇਆ ਸੀ ਪਰ ਪੂਰਬ ਵਲ ਦੀ ਬਾਹੀ ਦਾ 9-10 ਫੁੱਟ ਚੌੜਾ ਥੰਮ ਖੜ੍ਹਾ ਸੀ ਤੇ ਪੌੜੀਆਂ ਬਣੀਆਂ ਹੋਈਆਂ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੁਰੰਤ ਇਸ ਥਾਂ ’ਤੇ ਕਬਜ਼ਾ ਕਰਨ ਤੇ ਸ਼ਹੀਦੀ ਯਾਦਗਾਰ ਉਸਾਰਨ ਦਾ ਉੱਦਮ ਕੀਤਾ। ਮਿਸਤਰੀ ਲਗਾ ਕੇ ਫਟਾ ਫਟ ਪੌੜੀਆਂ ਦੀ ਮੁਰੰਮਤ ਕੀਤੀ ਗਈ। ਉਪਰ ਜਾ ਕੇ ਦੇਖਿਆ ਕਿ ਥੰਮ ਤੇ ਪੂਰਾ ਇਕ ਕਮਰਾ ਸੀ। ਉਥੇ 250 ਸਾਲਾਂ ਦਾ ਮਿੱਟੀ ਘੱਟਾ ਜੰਮਿਆ ਹੋਇਆ ਸੀ। ਫੌਰਨ ਉਸ ਕਮਰੇ ਦੀ ਸਫ਼ਾਈ ਕੀਤੀ ਗਈ ਤੇ ਕਮਰੇ ਧੋ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਕੇ, ਅਖੰਡ ਪਾਠ ਸਾਹਿਬ ਦਾ ਆਰੰਭ ਕਰ ਦਿੱਤਾ ਗਿਆ। ਕਮੇਟੀ ਨੇ ਨਿਸ਼ਾਨ ਸਾਹਿਬ ਝੁਲਾ ਕੇ ਐਲਾਨ ਕੀਤਾ ਕਿ ਬੰਦਾ ਸਿੰਘ ਦੇ ਸ਼ਹੀਦੀ ਅਸਥਾਨ ਤੇ ਗੁਰਦੁਆਰਾ ਉਸਾਰਿਆ ਜਾਵੇਗਾ। ਕੁਝ ਲੋਕਾਂ ਨੇ ਰੌਲਾ ਪਾਇਆ ਪਰ ਕੋਈ ਵਾਹ ਨਾ ਗਈ। ਗੁਰਦੁਆਰਾ ਕਮੇਟੀ ਨੇ ਥੰਮ ਦੇ ਨਾਲ ਗ਼ੈਰ ਆਬਾਦ ਤੇ ਝਾੜੀਆਂ ਵਾਲੀ ਜ਼ਮੀਨ ਨੂੰ ਸਾਫ਼ ਕਰਕੇ ਸੰਗਤ ਲਈ ਸਵਾਰ ਲਿਆ ਤੇ ਫਿਰ ਦੋ-ਤਿੰਨ ਪੁਰਾਣੇ ਘਰਾਂ ਨੂੰ ਖ਼ਰੀਦ ਕੇ ਸ਼ਹੀਦੀ ਅਸਥਾਨ ਤੇ ਗੁਰਦੁਆਰੇ ਦੀ ਇਮਾਰਤ ਉਸਾਰਨ ਲਈ ਮੁੱਢ ਬੰਨ੍ਹ ਲਿਆ। ਇਹ ਸਾਰਾ ਕੰਮ 1970 ਵਿਚ ਹੀ ਕਰ ਲਿਆ ਗਿਆ ਸੀ। ਇਸ ਥੰਮ ਦੇ ਨੇੜੇ ਲੰਗਰ ਵੀ ਤਿਆਰ ਹੋਣ ਲੱਗ ਪਿਆ, ਤੰਬੂ ਲਗਾ ਕੇ ਕਥਾ-ਕੀਰਤਨ ਵੀ ਹੋਣ ਲੱਗਾ। ਜੋ ਅੱਜ ਗੁਰਦੁਆਰਾ ਸਾਹਿਬ ਦਾ ਰੂਪ ਸਾਨੂੰ ਦਿਖਾਈ ਦੇਂਦਾ ਹੈ, ਉਹ ਬਾਬਾ ਹਰਬੰਸ ਸਿੰਘ ਦੇ ਜਥੇ ਦੀ ਸੇਵਾ ਹੈ। ਸ਼ਹੀਦੀ ਅਸਥਾਨ ਬਾਬਾ ਬੰਦਾ ਸਿੰਘ ਬਹਾਦਰ ਬਨਣ ਨਾਲ ਦਿੱਲੀ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਗਿਣਤੀ 10 ਹੋ ਗਈ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਰੇ, ਮੁਹੰਮਦ ਹਾਦੀ ਕਾਮਵਰ ਖ਼ਾਨ **ਤਜਕਿਰਾਤ-ਸਆਤੀਨ-ਚੁਗਤਈਆਂ** ਵਿਚ ਲਿਖਦਾ ਹੈ : 9 ਜੂਨ, 1716 ਈ. ਨੂੰ ਸਰਬਰਾਹ ਖ਼ਾਨ ਕੋਤਵਾਲ ਤੇ ਇਬਰਾਹੀਮ ਖ਼ਾਨ, ਮੀਰ-ਏ-ਆਤਿਸ਼ ਦੇ ਕਹਿਰ ਦੇ ਮਾਰੇ

ਹੋਏ ਲਾਅਨਤੀ (ਬੰਦਾ ਸਿੰਘ ਬਹਾਦਰ) ਤੇ ਉਸਦੇ ਤਿੰਨ (ਚਾਰ) ਸਾਲ ਦੇ ਪੁੱਤਰ ਨੂੰ ਉਸ ਦੇ ਛੱਬੀ (18) ਸਾਥੀਆਂ ਸਮੇਤ ਕੁਤਬ-ਉ-ਦੀਨ ਬਖ਼ਤਿਆਰ ਕਾਕੀ ਦੇ ਮਜ਼ਾਰ ਕੋਲ ਲੈ ਜਾ ਕੇ ਪੂਰੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਅਤੇ ਜਹਾਨ ਉਸ ਨਾਪਾਕ ਦੇ ਵਜੂਦ ਦੇ ਗੰਦ ਤੋਂ ਸਾਫ਼ ਸੁਥਰਾ ਹੋ ਗਿਆ। ਤਕਰੀਬਨ ਤਕਰੀਬਨ ਸਾਰੇ ਹੀ ਫ਼ਾਰਸੀ ਸਰੋਤ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਚਾਰ ਸਾਲ ਦੇ ਬੇਟੇ ਨੂੰ ਕੁਤਬ-ਉ-ਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਨੂੰ ਜਾਣ ਵਾਲੇ ਇਕ ਗੇਟ ਪਾਸ, ਤਰ੍ਹਾਂ-ਤਰ੍ਹਾਂ ਦੇ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਇੱਥੇ ਮੈਂ ਤਿੰਨ ਸਥਾਨਾਂ ਦੀ ਗੱਲ ਕਰਨਾ ਚਾਹੁੰਦੀ ਹਾਂ। ਜਿਨ੍ਹਾਂ ਨੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਕੀਤੀ। ਹੇਠ ਲਿਖੇ ਸ੍ਰੋਤਾਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਅਸਥਾਨ ਬਾਰੇ ਕੁਝ ਨਾ ਕੁਝ ਪਤਾ ਲੱਗਦਾ ਹੈ।

1. ਮੁਹੰਮਦ ਕਾਸਿਮ-**ਇਬਰਤਨਾਮਾ**
2. ਮੁਹੰਮਦ ਹਾਦੀ ਕਾਮਵਰ ਖ਼ਾਨ-**ਤਜਕਿਰਾਤ-ਸਲਾਤੀਨ ਚੁਗਤਈਆਂ** (1724)
3. ਅਸਰਾਰ ਸਮਦੀ - (1724-29)
4. ਮੁਹੰਮਦ ਹਰੀਸੀ - **ਇਬਰਤਨਾਮਾ**
5. ਖ਼ਾਫੀ ਖ਼ਾਨ - **ਮੁਨਤੱਖ-ਉਲ-ਲੁਬਾਬ**
6. **ਤਬਸੀਰਾਤ-ਉਲ-ਨਾਜ਼ੀਰੀਨ**
7. **ਸਿਆਰੁਲ ਮੁਤਖਰੀਨ**
8. **ਫਰੁਖ਼ਸੀਅਰਨਾਮਾ**
9. ਸ਼ਿਵਦਾਸ - **ਮੁਨਵਰ-ਉਲ-ਕਲਾਮਣ ਵਾਲੇ**

**ਗੰਧਕ ਦੀ ਬਾਉਲੀ** : ਇਹ ਬਾਉਲੀ, ਬਖ਼ਤਿਆਰ ਕਾਕੀ ਦੀ ਦਰਗਾਹ ਨੂੰ ਜਾਣ ਵਾਲੇ ਇਕ ਰਸਤੇ ਤੇ ਹੈ। ਕਈ ਸ੍ਰੋਤਾਂ ਵਿਚ ਲਿਖਿਆ ਮਿਲਦਾ ਹੈ ਕਿ ਬਾਬਾ ਜੀ ਦੇ ਸਰੀਰ ਦੇ ਟੁਕੜੇ ਇਸ ਬਾਉਲੀ ਵਿਚ ਸੁੱਟ ਦਿੱਤੇ ਗਏ। ਇਹ ਵਿਚਾਰ ਬਹੁਤਾ ਠੀਕ ਤਾਂ ਨਹੀਂ ਜਾਪਦਾ ਪਰ ਇਸ ਦੇ ਰੈਫਰੈਂਸ ਨਾਲ ਬਾਬਾ ਜੀ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਕਰਨੀ ਆਸਾਨ ਹੋ ਗਈ। ਇਸਦਾ ਮਤਲਬ ਇਹ ਹੋਇਆ ਕਿ ਬਾਬਾ ਜੀ ਦੀ ਸ਼ਹੀਦੀ ਇੱਥੇ ਹੀ ਕਿਧਰੇ ਆਸ-ਪਾਸ ਹੋਈ ਸੀ।

**ਬਖ਼ਤਿਆਰ ਕਾਕੀ ਦੀ ਦਰਗਾਹ** : ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਅਸਥਾਨ ਦੀ ਨਿਸ਼ਾਨਦੇਹੀ ਕਰਨ ਵਿਚ ਸਭ ਤੋਂ ਵੱਧ ਮਦਦ ਬਖ਼ਤਿਆਰ ਕਾਕੀ ਦੀ ਦਰਗਾਹ ਤੋਂ ਮਿਲੀ ਸੀ। ਕਿਉਂਕਿ ਹਰ ਫ਼ਾਰਸੀ ਸ੍ਰੋਤ ਵਿਚ ਲਿਖਿਆ ਮਿਲਦਾ ਹੈ :

1. ਕਿ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਦਰਗਾਹ ਦੇ ਪਾਸ ਹੋਈ। ਇਹ ਸਰਕਾਰੀ ਹੁਕਮ ਸੀ।

2. ਕੁਝ ਫ਼ਾਰਸੀ ਸ੍ਰੋਤਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ ਬਾਬਾ ਬੰਦਾ ਸਿੰਘ ਦੀ ਸ਼ਹਾਦਤ, ਬਖ਼ਤਿਆਰ ਕਾਕੀ ਦੀ ਦਰਗਾਹ ਨੂੰ ਜਾਣ ਵਾਲੇ ਇਕ ਗੇਟ ਤੇ ਹੋਈ ਜੋ ਕਾਫ਼ੀ ਠੀਕ ਲਗਦਾ ਹੈ।


3. ਤੀਸਰਾ ਇਹ ਕਿ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਦਰਗਾਹ ਦੇ ਚਾਰੇ ਪਾਸੇ ਘੁਮਾਇਆ ਗਿਆ। ਇਹ ਮੱਤ ਜ਼ਾਹਿਰ ਕਰਦਾ ਹੈ ਕਿ ਬਾਬਾ ਜੀ ਦੀ ਸ਼ਹਾਦਤ ਇਸੇ ਹੀ ਅਸਥਾਨ ਦੇ ਆਸ-ਪਾਸ ਹੋਈ।

**ਬਹਾਦਰ ਸ਼ਾਹ ਦੀ ਕਬਰ** : ਬਹਾਦਰ ਸ਼ਾਹ ਪਹਿਲਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੀ ਜ਼ਿੰਦਗੀ ਵਿਚ ਹਰਾ ਨਹੀਂ ਸੀ ਸਕਿਆ ਤੇ ਅੰਤ ਲਾਹੌਰ ਚਲਾ ਗਿਆ, ਜਿੱਥੇ ਉਹ ਪਾਗ਼ਲ ਹੋ ਗਿਆ ਤੇ 1712 ਈ. ਦੀ 27-29 ਫ਼ਰਵਰੀ ਦੀ ਰਾਤ ਨੂੰ ਉਸਦੀ ਮੌਤ ਹੋ ਗਈ ਤੇ ਤਕਰੀਬਨ 26 ਮਹੀਨੇ ਬਾਅਦ ਉਸ ਦਾ ਪੁੱਤਰ ਜਹਾਨਦਾਰ ਸ਼ਾਹ, ਉਤਰਾਧਿਕਾਰੀ ਦੀ ਲੜਾਈ ਤੋਂ ਬਾਅਦ ਉਸਦੇ ਸਰੀਰ ਨੂੰ ਦਿੱਲੀ ਲੈ ਕੇ ਆਇਆ ਤੇ ਇੱਥੇ ਮੋਤੀ ਮਸਜ਼ਿਦ ਜੋ ਬਹਾਦਰ ਸ਼ਾਹ ਦੇ ਸਮੇਂ ਹੀ ਬਣੀ ਸੀ, ਦੇ ਅਹਾਤੇ ਵਿਚ ਦਫ਼ਨਾ ਦਿੱਤਾ। ਮੋਤੀ ਮਸਜ਼ਿਦ ਦੇ ਅੰਦਰ ਜਾਣ ਲਈ ਜਫ਼ਰ ਮਹਿਲ ਜੋ ਬਹਾਦਰ ਸ਼ਾਹ ਜ਼ਫਰ ਦਾ ਸਮਰ ਪੈਲੇਸ ਸੀ, ਵਿੱਚੋਂ ਦੀ ਜਾਣਾ ਪੈਂਦਾ ਹੈ। ਇਕ ਛੋਟਾ ਜਿਹਾ ਰਸਤਾ ਬਾਹਰ ਦੀ ਵੀ ਹੈ, ਉਹ ਦਰਵਾਜ਼ਾ ਕਾਫ਼ੀ ਸਮੇਂ ਤੋਂ ਪੁਰਾਤਤਵ ਸਰਵੇਖਣ ਵਿਭਾਗ (A.S.I.) ਨੇ ਬੰਦ ਕਰ ਦਿੱਤਾ ਹੋਇਆ ਹੈ। ਫ਼ਾਰਸੀ ਸ੍ਰੋਤਾਂ ਵਿੱਚੋਂ ਇਹ ਵੀ ਪਤਾ ਲੱਗਦਾ ਹੈ ਕਿ ਬਾਬਾ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਬਹਾਦਰ ਸ਼ਾਹ ਦੀ ਕਬਰ ਦੇ ਆਸ-ਪਾਸ ਘੁਮਾਇਆ ਗਿਆ ਸੀ ਤਾਂਕਿ ਬਹਾਦਰ ਸ਼ਾਹ ਦੀ ਆਤਮਾ ਨੂੰ ਸ਼ਾਂਤੀ ਮਿਲ ਸਕੇ ਕਿਉਂਕਿ ਉਹ ਆਪਣੀ ਜ਼ਿੰਦਗੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਹਰਾ ਨਹੀਂ ਸੀ ਸਕਿਆ। ਸੋ ਇਸ ਤੋਂ ਵੀ ਇਹ ਹੀ ਪਤਾ ਲੱਗਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਅਸਥਾਨ ਇੱਥੇ ਕਿਧਰੇ ਹੀ ਆਸ-ਪਾਸ ਹੋਵੇਗਾ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਸਥਾਨਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਅਸਥਾਨ ਲੱਭਣ ਵਿਚ ਬਹੁਤ ਮਦਦ ਕੀਤੀ।

ਉਹ ਗੇਟ ਜਿਸ ਦੇ ਥੱਲੇ ਜ਼ਮੀਨ ’ਤੇ ਬਿਠਾਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕੀਤਾ ਗਿਆ, ਉਹ ਮੁਗ਼ਲ ਕਾਲ ਦਾ ਸਪੈਸ਼ਲ ਗੇਟ ਹੈ। ਮੁਗ਼ਲਾਂ ਦੇ ਗੇਟ ਸਿਰਫ਼ ਨਿਕਲਣ ਦਾ ਰਸਤਾ ਹੀ ਨਹੀਂ ਸਨ ਹੁੰਦੇ, ਸਗੋਂ ਉਨ੍ਹਾਂ ਦੇ ਅੰਦਰ 2, 4, 6, 8 ਤੱਕ ਹਾਲ ਕਮਰੇ ਵੀ ਹੁੰਦੇ ਸਨ, ਜਿਵੇਂ ਬੁਲੰਦ ਦਰਵਾਜ਼ਾ, ਫਤਹਿਪੁਰ ਸੀਕਰੀ, ਸਿਕੰਦਰਾਂ ਦਾ ਗੇਟ, ਹਿਮਾਯੂੰ ਦੇ ਮਕਬਰੇ ਦਾ ਗੇਟ, ਇਤਮਾਦੂ ਦੌਲਾ ਤੇ ਤਾਜ ਮਹਿਲ ਦੇ ਗੇਟ। ਇਸੇ ਤਰ੍ਹਾਂ, ਇਸ ਗੇਟ ਦੇ ਭਾਰੀ ਸਤੰਭਾਂ ਉੱਪਰ ਇਕ-ਇਕ ਕਮਰਾ ਬਣਿਆ ਹੋਇਆ ਸੀ, ਜਿਸ ਤਰ੍ਹਾਂ ਕੋਈ ਘਰ ਹੋਵੇ। ਇਸ ਤਰ੍ਹਾਂ ਦੇ ਗੇਟਾਂ ਨੂੰ Impressive Gateways ਕਿਹਾ ਜਾਂਦਾ ਸੀ ਤੇ ਇਸ ਤਰ੍ਹਾਂ ਪਹਿਲਾਂ ਪਹਿਲ ਸ਼ਹੀਦੀ ਅਸਥਾਨ, ਪੂਰਬ ਵਾਲੇ ਪਾਸੇ ਦੇ ਇਕ ਸਤੰਭ ਦੇ ਉੱਪਰ ਬਣੇ ਕਮਰੇ ਵਿਚ ਬਣਾਇਆ ਗਿਆ ਸੀ। ਹੁਣ ਗੁਰਦੁਆਰਾ ਕਮੇਟੀ ਦੀ ਕੋਸ਼ਿਸ਼ ਹੈ ਕਿ ਦੂਜੇ ਪਾਸੇ ਦੇ ਸਤੰਭ ਉੱਪਰ ਬਣਿਆ ਕਮਰਾ ਸਰਕਾਰ ਤੋਂ ਪ੍ਰਾਪਤ ਕੀਤਾ ਜਾਵੇ ਤੇ ਨਾਲ ਲੱਗਦੀ ਜਗ੍ਹਾ ਵੀ ਖ਼ਰੀਦ ਲਈ ਜਾਵੇ ਤਾਂ ਕਿ ਗੁਰਦੁਆਰਾ ਸਾਹਿਬ ਦਾ ਵਿਸਥਾਰ ਕੀਤਾ ਜਾ ਸਕੇ।

❖ ❖ ❖ ❖

ਕੁਬੁਧ ਕਰਨ ਤੋਂ ਹਟਾਉਣਾ ਦੋ ਤਰ੍ਹਾਂ ਦਾ ਹੋ ਸਕਦਾ ਹੈ-1. ਪ੍ਰੇਰਨਾ ਤੇ ਉਪਦੇਸ਼ ਨਾਲ, 2. ਜੇ ਉਪਦੇਸ਼ ਨੂੰ ਲੋਕੀਂ ਨਾ ਮੰਨਣ ਯਾ ਜੋ ਦੁਰਾਚਾਰੀ ਜਗਤ ਨੂੰ ਦੁਖ ਦੇਣ ਵਿਚ ਕਠੋਰ ਹੋ ਗਏ ਹੋਨ ਉਹਨਾਂ ਨੂੰ ਅਮਲੀ ਤੌਰ ਤੇ ਹਟਾ ਦੇਣਾ ਜੋ ਹਥੀਂ ਰੋਕਣ ਭੈ ਦੇਣ ਯਾ ਦੰਡ ਦੇਣ ਨਾਲ ਹੁੰਦਾ ਹੈ। ਇਸ ਕੰਮ ਵਿਚ ਜੇ ਆਪਾ ਵਾਰਨਾ ਪਏ ਤਾਂ ਵਾਰ ਦੇਣਾ ਵੀ ਪੈਂਦਾ ਹੈ, ਤੇ ਇਹ ਸਾਰਾ ਕੁਛ ਪਰਹਿਤ ਉਪਕਾਰ ਲਈ ਕਰਨਾ ਹੁੰਦਾ ਹੈ। ਸੋ ਜੇ ਆਪ ਦੇ ਜੀਵਨ ਨੂੰ ਪੜ੍ਹੀਏ ਤਾਂ ਅਨੇਕਾਂ ਕਾਰਜਾਂ ਦੇ ਵਿਚ ਜੋ ਇਸ ਆਸ਼ੇ ਦੇ ਸਨ ਸਭ ਤੋਂ ਵਡਾ ਕਾਰਜ ਇਕ ਪੰਥ ਰਾਜ ਰਚ ਦੇਣ ਦਾ ਸੀ, ਜਿਸ ਦੀ ਨੀਂਹ ਆਪ ਨੇ ਅਕਾਲ ਪੁਰਖ ਦੇ ਪ੍ਰੇਮ ਤੇ ਰੱਖ ਕੇ ਪਰਉਪਕਾਰ ਦੀ ਡਾਟ ਲਗਾਈ ਅਤੇ ਅਭੈ ਕੌਮ ਦੀ ਇਮਾਰਤ ਰਚ ਦਿਖਾਈ। ਜਿਸ ਦਾ ਆਸ਼ਾ ਜਗਤ ਨੂੰ ਸੁਖ ਦੇਣਾ ਹੈਸੀ। ਇਕ ਮੁਰਦਾ ਕੌਮ ਵਿਚ ਜਾਨ ਭਰਕੇ ਉਸਨੂੰ ਸੁਤੰਤ੍ਰ ਕਰ ਦੇਣਾ ਅਰ ਸਦੀਆਂ ਦੀ ਗੁਲਾਮੀ ਤੋਂ ਛੁਡਾ ਦੇਣਾ ਇਹ ਉਸਦਾ ਫ਼ਲ ਸੰਸਾਰ ਵਿਚ ਪ੍ਰਤੱਖ ਲਗਾ। ਸਾਰੀ ਕਥਾ ਲਈ ਤਾਂ ਮਹੀਨੇ ਲੋੜੀਏ ਪਰ ਇਕ ਛੋਟਾ ਜਿਹਾ ਪ੍ਰਸੰਗ ਅਜ ਦੀ ਕਥਾ ਵਿਚ ਵੰਨਗੀ ਮਾਤ੍ਰ ਸੁਣਾ ਕੇ ਕਥਾ ਨੂੰ ਸਮਾਪਤ ਕਰਦਾ ਹੈ, ਤਾਕਿ ਸਾਨੂੰ ਇਕ ਸਾਖੀ ਅੱਜ ਹੋਰ ਯਾਦ ਹੋ ਜਾਵੇ ਕਿ ਦਾਤਾ ਗੁਰੂ ਜੀ ਕੈਸੇ ਕਠਨ ਸਮਿਆਂ ਵਿਚ ਕਿਤਨੇ ਨਿਰਭੈਤਾ ਦੇ ਕੰਮ ਕਰ ਦੇਂਦੇ ਸੀ।




ਇਹ ਯਾਦ ਕਰਾ ਦਿਆਂ ਕਿ ਰਾਜ ਔਰੰਗਜ਼ੇਬ ਦਾ ਸੀ ਜਿਸ ਦੇ ਤੇਜ ਦਾ ਸੂਰਜ ਸਿੱਖਰ ਤੇ ਸੀ, ਮੁਸਲਮਾਨੀ ਤਅੱਸਬ ਜ਼ੋਰਾਂ ਤੇ ਸੀ ਤੇ ਕੋਈ ਉਸਦੇ ਬਲ ਅੱਗੇ ਕੁਸਕ ਨਹੀਂ ਸੀ ਸਕਦਾ। ਕਿਸੇ ਮੁਗਲ ਨੂੰ ਤਾਂ ਕਿਸੇ ਕੀਹ ਆਖ ਸਕਣਾ ਸੀ ਮੁਸਲਮਾਨ ਮਾਤ੍ਰ ਦੀ 'ਹਉਂ ਦਾ ਅੰਤ ਨਹੀਂ ਸੀ। ਉਸ ਸਮੇਂ ਦਾਤਾ ਜੀ ਦੇ ਕੌਤਕ ਦੇਖ ਕੇ ਉਹਨਾਂ ਦੇ ਉਪਕਾਰਾਂ ਦੀ ਜਾਚ ਕਰੋ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਦੀਵਾਨ ਵਿਚ ਬੈਠੇ ਸਨ, ਕਿ ਦੂਰ ਤੋਂ ਕੋਈ ਦੁਖ ਦੀ ਝੀਨੀ ਬਾਨ ਆਈ। ਕੰਨੀ ਦੁਖ ਦੀ ਸੋ ਪੈਂਦਿਆਂ ਮਿਹਰਾਂ ਵਾਲੇ ਦੇ ਪਰ-ਦੁਖ ਸੁਣਨ ਵਾਲੇ ਕੰਨ ਉਧਰ ਲੱਗ ਗਏ। ਅਵਾਜ਼ ਦੂਰ ਦੀ ਸੀ ਚੋਬਦਾਰ ਨੂੰ ਬੁਲਾਇਆ ਗਿਆ ਤੇ ਹੁਕਮ ਹੋਇਆ 'ਕੌਣ ਹੈ ਤੇ ਕੀ ਹੈ?' ਉਸ ਅਰਜ਼ ਕੀਤੀ, 'ਪਾਤਸ਼ਾਹ! ਇਕ ਬ੍ਰਾਹਮਣ ਹੈ ਤੇ ਪੀੜਾ ਨਾਲ ਕੁਰਲਾ ਰਿਹਾ ਹੈ'। ਹੁਕਮ ਹੋਇਆ 'ਇਥੇ ਅਸਾਂ ਦੇ ਪਾਸ ਲੈ ਆਓ।' ਝਟ ਬ੍ਰਾਹਮਣ ਹਾਜ਼ਰ ਕੀਤਾ ਗਿਆ, ਦਾਤਾ ਜੀ ਦੇ ਰਸੀਲੇ ਨੈਣਾਂ ਨੇ ਮੇਹਰ ਨਜ਼ਰ ਪਾਈ ਤੇ ਪੁੱਛਿਆ:- 'ਹੇ ਦੁਖੀ ਦਿਜ! ਕੀਹ ਪੀੜਾ ਹੈ?' ਉਸ ਬ੍ਰਾਹਮਣ ਨੇ ਜੋ ਪੀੜਾ ਸੁਣਾਈ ਕਵੀ ਸੰਤੋਖ ਸਿੰਘ ਜੀ ਨੇ ਐਉਂ ਦਰਸਾਈ ਹੈ :-

ਹੇ ਪ੍ਰਭੁ ਹਿੰਦੂ ਧਰਮ ਕੀ ਧੁਜਾ! ਦੀਨ ਦਜਾਲ ਦੀਰਘ ਬਲ ਭੁਜਾ। ਸਭ ਥਲ ਮੈਂ ਹੋਇ ਨਿਰਾਸੀ। ਫਿਰ ਆਯੋ ਰਾਵ ਕੇ ਪਾਸੀ। ਅਤਿ ਅਨਿਆਇ ਮੋਹਿ ਸੰਗ ਕੀਨਾ। ਦੁਸ਼ਟ ਪਠਾਨ ਗਰਬ ਦੁਖ ਦੀਨਾ। ਪੁਰਿ ਹੁਸ਼ੀਆਰ ਨਿਕਟਿ ਇਕ ਬਸੀ1। ਬਸੈ ਪਠਾਨ ਤਹਾਂ ਮਤਿ ਨਸੀ। ਮੈਂ ਮੁਕਲਾਇ ਬਧੂ ਕੋ ਡੋਰਾ। ਗਮਨਤ ਜਾਤ ਅਪਨ ਘਰ ਓਰਾ। ਕਰੀ ਬਿਲੋਕਨ ਤਿਨ ਮਮ ਦਾਰਾ। ਛੀਨ ਬਰਜੋ ਲੇ ਸਦਨ ਮਝਾਰਾ। ਮੈ ਬਡ ਊਚੇ ਕੀਨ ਪੁਕਾਰਾ। ਨਰ ਤੇ ਗਹਿਵਾਯੋ ਬਹੁ ਮਾਰਾ। ਤਿਸ ਹਿਤ ਮੈਂ ਬਹੁਤਨ ਢਿਗ ਗਯੋ। ਤੁਰਕ ਜਹਾਂ ਕਹਿ ਧਨ ਤਿਨ ਦਯੋ। ਨਹੀਂ ਫਿਰਾਦ ਲਗਨ ਕਿਤ ਦੀਨ। ਜਿਉਂ ਜਿਉਂ ਜਤਨ ਅਨਿਕ ਮੈਂ ਕੀਨ। ਕਾਜ਼ੀ ਕੋਟਵਾਰ ਢਿਗ ਫਿਰਿਓ। ਕਿਨਹੁੰ ਨਜਾਉਂ ਨ ਮੇਰੋ ਕਰਿਓ। ਲਖਿ ਕੈ ਗੁਰ ਹਿੰਦੁਨ ਸਿਰ ਮੌਰ। ਪਰਮ ਦੁਖੀ ਆਇਓ ਇਸ ਠੌਰ। -(ਗੁਰ ਪ੍ਰ: ਸੂਰਜ)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)

ਖਾਲਸਾ ਜੀਓ! ਇਹ ਦੁਖੀ ਬ੍ਰਾਹਮਣ, **ਤਵਾਰੀਖ ਖਾਲਸਾ** ਵਿਚ ਲਿਖਿਆ ਹੈ ਕਿ ਕਾਜੀ ਆਦਿਕਾਂ ਤੋਂ ਛੁੱਟ ਪਹਾੜੀ ਰਾਜਿਆਂ ਪਾਸ ਵੀ ਗਿਆ, ਪਰ ਕਿਸੇ ਨੇ ਉਸ ਦੀ ਸਹਾਇਤਾ ਨਾ ਕੀਤੀ। ਕੌਣ ਕਰਦਾ? ਰਾਜ ਤੇ ਤੇਜ ਅਗੇ ਕੌਣ ਬੋਲ ਸਕਦਾ ਹੈ? ਤੇ ਹਾਕਮਾਂ ਦੀ ਹਾਲਤ ਵੇਖ ਲਓ ਕਿ ਐਡੇ ਅਨਜਾਇ ਹੋਣ ਪਰ ਵੀ ਕੁਟਵਾਲ ਤੇ ਕਾਜ਼ੀ ਹਿੰਦੂ ਦੀ ਦਾਦ-ਰਸੀ ਨਹੀਂ ਸੀ ਕਰਦੇ। ਸਾਰੇ ਸਜਣੋਂ! ਵੀਚਾਰ ਕਰ ਲਓ ਕਿ ਹਿੰਦੂ ਜਾਤੀ ਲਈ ਕੇਡਾ ਦੁਖਦਾਈ ਸਮਾਂ ਸੀ। ਸਤਿਗੁਰੂ ਜੀ ਦਰਦ ਦੀ ਬਿਰਥਾ ਸੁਣ ਕੇ ਕਿਸੇ ਸੋਚ ਵਿਚ ਸਨ, ਮੱਥੇ ਤੇ ਵੱਟ ਆਏ, ਬੁੱਲ੍ਹਾਂ ਨੇ ਦੰਦ-ਟੁਕ ਖਾਧੀ, ਨੈਣ ਲਾਲੀ ਭਾਹ ਦੇ ਗਏ, ਤੇ ਫੇਰ ਮਸਤਕ ਸਾਫ ਹੋ ਗਿਆ, ਨੂਰਾਨੀ ਚਿਹਰਾ ਨੂਰੀ ਦਮਕ ਵਿਚ ਹੋਰ ਦਮਕਿਆ। ਇੰਨੇ ਚਿਰ ਵਿਚ ਦੁਖੀ ਬ੍ਰਾਹਮਣ ਨੇ ਸਮਝਿਆ ਕਿ ਏਸ ਦਰੋਂ ਵੀ ਜਵਾਬ ਮਿਲਣ ਲਗਾ ਹੈ। ਤਦ ਹੋਰ ਉੱਚੇ ਪੁਕਾਰਿਆ-

ਸ੍ਰੀ ਪ੍ਰਭੂ! ਕੈ ਅਬ ਤ੍ਰਿਯ ਕੋ ਪਾਊਂ। ਨਤੁ ਮੈਂ ਦੁਆਰ ਅੱਗ੍ਰ ਜਲ ਜਾਊਂ। ਇਹ ਜੀਵਨ ਧਰਮ ਨਹੀਂ ਅਬ ਮੇਰਾ। ਤੁਮ ਬਿਨ ਜਤਨ ਨਹੀਂ ਕੋ ਹੇਰਾ। -(ਗੁ: ਪ੍ਰ: ਸੂ:)

ਇਹ ਸੁਣ ਕੇ ਆਪਾਵਾਰ ਸੁਭਾਵ ਵਾਲੇ ਗੁਰੂ ਜੀ ਮੁਸਕ੍ਰਾਏ ਤੇ ਆਖਣ ਲਗੇ, 'ਬ੍ਰਾਹਮਣ ਤੇਰਾ ਕੀ ਨਾਮ ਹੈ?' ਬ੍ਰਾਹਮਣ ਨੇ ਕਿਹਾ, 'ਮੇਰਾ ਨਾਮ ਦੇਵ ਦਾਸ ਹੈ, ਮੈਂ ਸਾਰਸ੍ਵਤ ਬ੍ਰਾਹਮਣ ਹਾਂ।' ਗੁਰੂ ਜੀ ਬੋਲੇ, 'ਹੇ ਦੇਵਦਾਸ! ਸੜਕੇ ਨਾ ਮਰੋ ਤੇ ਨਾ

ਚਿੰਤਾ ਦੀ ਅੱਗ ਵਿਚ ਮਨ ਨੂੰ ਜਲਾਓ। ਹੌਂਸਲਾ ਕਰੋ, ਤੇਰੇ ਤੇ ਅੰਨਜਾਇ ਹੋਇਆ ਹੈ, ਅਸੀਂ ਇਸ ਦੇ ਠੀਕ ਕਰਨ ਦਾ ਉਪਰਾਲਾ ਕਰਦੇ ਹਾਂ। ਜਿਵੇਂ ਕਿਵੇਂ ਹੋ ਸਕਿਆ ਤੇਰੀ ਇਸਤ੍ਰੀ ਤੈਨੂੰ ਲੈ ਦੇਵਾਂਗੇ'। ਬ੍ਰਾਹਮਣ ਨੇ ਸੁਖ ਦਾ ਲੰਮਾ ਸਾਹ ਲਿਆ, ਵਗਦੇ ਨੈਣ ਪੂੰਝੇ ਤੇ ਧਰਤੀ ਤੇ ਸਿਰ ਰੱਖ ਕੇ ਕਿਹਾ, 'ਹੇ ਬੰਦੀ ਛੋੜ ਤੂੰ ਧੰਨ ਹੈਂ, ਹੇ ਗਰੀਬ ਨਿਵਾਜ ਤੂੰ ਧੰਨ ਹੈਂ।'

ਹੁਣ ਗੁਰੂ ਜੀ ਦੇ ਕੌਤਕ ਵਲ ਸਾਧ ਸੰਗਤ ਜੀ ਨਜ਼ਰ ਮਾਰਨੀ। ਕਿਸੇ ਸਤੋਗੁਣੀ ਪੁਰਖ ਦਾ ਕੰਦਰਾ ਵਿਚ ਬੈਠਕੇ ਕਹਿ ਦੇਣਾ ਕਿ 'ਇਹ ਕਿਆ ਪਰਮਾਰਥ ਹੈ ਕਿ ਜੁੱਧ ਦਾ ਸਾਮਾਨ ਅਵਤਾਰ ਤੇ ਸੰਤ ਹੋ ਕੇ ਕਰਨ ਲਗੇ ਹਨ1' ਪਰ ਜ਼ਰਾ ਅੰਦਾਜ਼ਾ ਕਰੋ ਬ੍ਰਾਹਮਣ ਦੀ ਦਿਲ ਪੀੜਾ ਦਾ ਅਰ ਉਸ ਅਨਰਥ ਦਾ ਜੋ ਰੋਜ਼ ਵਰਤਦਾ ਹੈ, ਜਿਸ ਦਾ ਤਦਾਰਕ (=ਰੋਕ) ਨਾ ਹਿੰਦੂ ਰਾਜੇ ਕਰਦੇ ਹਨ, ਨਾ ਹਿੰਦੂ ਸੰਤ ਮਹਾਤਮਾ ਕਰਦੇ ਹਨ ਤੇ ਜਨਤਾ ਵਿਚ ਬਲ ਕੋਈ ਨਹੀਂ। ਅਜ ਤਾਂ ਸਾਰੇ ਸਿਆਣੀਆਂ ਗਲਾਂ ਕਰ ਸਕਦੇ ਹਨ, ਪਰ ਛਿਨ ਭਰ ਲਈ ਉਹ ਸਮਾਂ ਅੱਖਾਂ ਅੱਗੇ ਲਿਆਓ ਤੇ ਦੇਖੋ ਕਿ ਅਸਲ ਰਾਜਾ ਗੁਰੂ ਗੋਬਿੰਦ ਸਿੰਘ ਹੈ, ਜੋ ਅਨਯਾਇ ਨੂੰ ਹਰਨ ਲਈ ਦਮ ਭਰਦਾ ਹੈ। ਅਸਲ ਸਾਧੂ ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਹੈ, ਜੋ ਦੀਨ ਦੁਖੀ ਦੀ ਪੀੜਾ ਤੇ ਪਸੀਜਦਾ ਹੈ। ਅਸਲ ਸ਼ਾਂਤੀ ਸਰੂਪ ਸੰਤ ਗੁਰੂ ਗੋਬਿੰਦ ਸਿੰਘ ਹੈ ਜੋ ਜ਼ਖਮੀ ਦਿਲ ਤੇ ਸ਼ਾਂਤੀ ਮਲ੍ਹਮ ਲਗਾਉਂਦਾ ਹੈ। ਅਸਲ ਸੰਨਜਾਸੀ ਗੁਰੂ ਗੋਬਿੰਦ ਸਿੰਘ ਹੈ ਜੋ ਪਰ ਪੀੜਾ ਲਈ ਆਪਾ ਵਾਰਦਾ ਹੈ। ਦੇਖੋ ਪਰ ਪੀੜਾ ਤੇ ਆਪਾ ਵਾਰਨ ਤੋਂ ਵਧੀਕ ਗਲ ਸੁਹਣਿਆਂ ਦਾ ਸੁਲਤਾਨ ਕਰਨ ਲਗਾ ਜੇ। ਹੁਕਮ ਹੁੰਦਾ ਹੈ 'ਅਜੀਤ ਸਿੰਘ ਨੂੰ ਬੁਲਾਓ।' ਕੌਣ ਹੈ ਅਜੀਤ ਸਿੰਘ? ਕੋਈ ਜਮਾਦਾਰ, ਸੂਬੇਦਾਰ, ਫੌਜ ਦਾ ਸੈਨਾਪਤਿ? ਨਹੀਂ। ਕੋਈ ਨੌਕਰ ਚਾਕਰ ਗੈਰ ਸੂਰਮਾ? ਨਹੀਂ, ਅਪਣਾ ਲਖਤੇ ਜਿਗਰ ਹੈ, ਅਪਣਾ ਵਡਾ ਪੁੱਤਰ ਹੈ। ਵਰੇਸ ਕਿੰਨੀ ਕੁ ਹੈ? ਅਜੇ ਬੀਸ ਬਰਸ ਦੇ ਨਹੀਂ। ਸਾਹਿਬ ਅਜੀਤ ਸਿੰਘ ਜੀ ਹਾਜ਼ਰ ਹੁੰਦੇ ਹਨ। ਸ਼ਸਤਰ ਸਜੇ ਹਨ, ਸੁੰਦਰਤਾ ਤੇ ਤੇਜ ਡੁਲ੍ਹ ਡੁਲ੍ਹ ਪੈ ਰਹੇ ਹਨ, ਅਸਲ ਸੰਨਜਾਸੀ ਪਿਤਾ ਦੇ ਰਸੀਲੇ ਨੈਣ ਪੁੱਤ੍ਰ ਤੇ ਪੈਂਦੇ ਹਨ ਤੇ ਆਗਿਆ ਹੁੰਦੀ ਹੈ, 'ਬੇਟਾ! ਅਕਾਲ ਪੁਰਖ ਦਾ ਹੁਕਮ ਹੈ, 'ਜਾਹ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ' ਇਸ ਬ੍ਰਾਹਮਣ ਦੀ ਇਸਤ੍ਰੀ ਬਸੀ ਦੇ ਜਾਬਰ ਖਾਂ ਪਠਾਣ ਨੇ ਖੋਹ ਲਈ ਹੈ। ਉਸ ਤੋਂ ਖੱਸ ਕੇ ਇਸ ਦੀ ਇਸਤ੍ਰੀ ਇਸ ਨੂੰ ਦਿਵਾਉਣੀ ਹੈ, ਕਬੁੱਧ ਕਰਨੋਂ ਅਮਲੀ ਤੌਰ ਤੇ ਹਟਾਉਣ ਦਾ ਸਮਾਂ ਇਹ ਹੈ। ਨਾਲ ਸਿੰਘ ਲੈ ਜਾਓ, ਬਸੀ ਪਹੁੰਚ ਪਠਾਣ ਤੇ ਇਸਤ੍ਰੀ ਪਕੜ ਕੇ ਲੈ ਆਓ। ਬਿਜਲੀ ਦੀ ਤੇਜ਼ੀ ਵਾਂਙੂ ਜਾ ਪਓ ਆਂਦੇ ਜਾਂਦੇ ਨਾ ਪਤਾ ਲਗੇ, ਬੱਸ ਕਾਰਜ ਕਰਨਾ ਹੈ ਤੇ ਫੁਰਤੀ ਦਾ ਕੰਮ ਹੈ'।

ਪਿਤਾ ਗੁਰੂ ਦਾ ਦੱਸਿਆ ਕਠਨ ਕੰਮ ਸੁਣ ਕੇ ਸਾਹਿਬ ਅਜੀਤ ਸਿੰਘ ਦੇ ਮੱਥੇ ਤੇ ਸੋਚ ਤੇ ਉਦਾਸੀ ਦੀ ਛਾਇਆ ਨਹੀਂ ਫਿਰੀ। ਮੱਥਾ ਬੀਰ ਰਸੀ ਉਤਸ਼ਾਹ ਨਾਲ ਚਮਕਿਆ, ਖੜਗ ਦੀ ਟੇਕ ਲੈ ਉੱਠੇ, ਪਿਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਹਾਂ ਪਰਮ ਸੰਨਜਾਸੀ, ਪਰਮ ਤਿਆਗੀ ਪਿਤਾ ਨੇ, ਜਿਸ ਨੇ ਪਰ ਹਿਤ ਲਈ ਪੁੱਤ੍ਰ ਪ੍ਰੇਮ ਵੀ ਸਦਕੇ ਕਰ ਰਖਿਆ ਹੈ, ਛਾਤੀ ਨਾਲ ਪੁੱਤ੍ਰ ਦਾ ਸਿਰ ਲਾਇਆ, ਪਿਆਰ ਦਿਤਾ ਤੇ ਆਖਿਆ:-ਸ੍ਰੀ ਅਸਿਧੁਜ ਦੀ ਰਖਿਆ ਤੇਰੇ ਅੰਗ ਸੰਗ ਆਪ, ਜਾਓ ਬੇਟਾ! ਪਰਸ੍ਵਾਰਥ ਵਿਚ ਸ਼੍ਰਮ ਘਾਲੋ।' ਇਉਂ ਅਸੀਸ ਲੈ ਕੇ ਨੌ-ਨਿਹਾਲ ਲਾਲ ਜੀ ਬਾਹਰ ਆਏ, ਸੌ ਅਸਵਾਰ ਨਾਲ ਤਿਆਰ ਕੀਤਾ, ਦੁਖੀ ਬ੍ਰਾਹਮਣ ਨੂੰ ਇਕ ਘੋੜੇ ਤੇ ਬਿਠਾ ਕੇ ਨਾਲ ਲਿਆ, ਜੋ ਰਸਤੇ ਤੇ ਘਰ ਤੇ ਉਸ ਪਠਾਣ ਦੀ ਸਿਆਣ ਦੱਸੇ, ਤੇ ਕੂਚ ਬੋਲ ਦਿੱਤੀ। ਸਾਧ ਸੰਗਤ ਜੀ, ਕੌਣ ਹੈ ਇਸ ਵੇਲੇ ਜੋ ਇਕ ਬੇਪਤਾ ਬ੍ਰਾਹਮਣ ਦੀ ਇਸਤ੍ਰੀ ਖਾਤਰ ਔਰੰਗਜ਼ੇਬ ਦੇ ਮੱਧਜਾਨ ਤੇ ਚਮਕ ਰਹੇ ਸੂਰਜ ਦੇ ਸਮੇਂ ਪੁੱਤਰ ਦੀ ਜਾਨ ਖਤਰੇ ਵਿਚ ਪਾਵੇ, ਪਰ ਧਰਮ ਧੁਰੰਧਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਕੁਝ ਸੋਂਜਦਾ ਹੈ:- ਗੱਜ ਕੇ ਆਖੋ, 'ਤੇਰੀ ਉਪਮਾ ਤੋਹਿ ਬਨਿ ਆਵੈ'।

ਦੋ ਘੜੀ ਦਿਨ ਬਾਕੀ ਸੀ ਜਦੋਂ ਸੂਰਮੇ ਅਜੀਤ ਸਿੰਘ ਜੀ ਫੌਜ ਦਾ ਦਸਤਾ ਲੈ ਕੇ ਟੁਰੇ ਹੋਏ ਸਤਿਲੁਜੋਂ ਪਾਰ ਹੋਏ। ਬੰਦੂਕਾਂ ਕੱਸੀਆਂ ਤਿਆਰ ਹਨ। ਇਕ ਸ਼ਲਕ ਲਈ ਗੋਲੀਆਂ ਭਰੀਆਂ ਹੋਈਆਂ ਹਨ। ਟੁਰੇ ਜਾਂਦੇ ਹਨ ਰਾਤ ਦੇ ਅੰਧੇਰੇ ਵਿਚ ਚਾਨਣਾ ਦੇਣ ਵਾਲੇ ਗੁਰੂ ਦੇ ਸਪੂਤ, ਜਿਥੋਂ ਕਿਤੇ ਰਾਹ ਦਾ ਸ਼ੱਕ ਪਵੇ, ਪਿੰਡ ਦੇ ਆਦਮੀ ਜਗਾ ਕੇ ਪਤਾ ਕਰਦੇ ਹਨ ਤੇ ਟੁਰੇ ਜਾਂਦੇ ਹਨ। ਦਿਨ ਭੀ ਅਜੇ ਚੜ੍ਹਨੋਂ ਅਲਸਾ ਰਿਹਾ ਸੀ ਕਿ ਬਸੀ ਪਠਾਨਾਂ ਦੀ ਤੇ ਆਪ ਜਾ ਪਹੁੰਚੇ। ਲਾਲ ਜੀ ਅੱਖਰ ਅੱਖਰ ਪਿਤਾ ਜੀ ਦਾ ਹੁਕਮ ਕਮਾਉਣਾ ਚਾਹੁੰਦੇ ਸਨ। ਆਪ ਦਾ ਆਸ਼ਯ ਇਹ ਸੀ ਕਿ ਐਡਾ ਅਚਾਨਕ ਜਾਕੇ ਪਵਾਂ ਕਿ ਜੰਗ ਦਾ ਘੱਟ ਤੋਂ ਘੱਟ ਸਮਾਂ ਬਣੇ। ਸੋ ਐਸਾ ਹੀ ਹੋਇਆ। ਲੋਕਾਂ ਦੇ ਸੁੱਤੇ ਪਏ ਪਹੁੰਚ ਗਏ। ਤਦੇ ਹੀ ਪਤਾ ਲਗਾ ਜੋ ਪਠਾਣਾਂ ਦੀ ਹਵੇਲੀ ਦੇ ਬੂਹੇ ਤਰੁਟ ਪਏ ਤੇ ਬਸੀ ਵਿਚ ਭਾਰੀ ਖੜਾਕ ਹੋ ਕੇ ਪਠਾਣ ਜਾਗੇ। ਇਕ ਦਮ 'ਆ ਪਏ, ਆ ਪਏ, ਸਿੱਖ ਆ ਪਏ' ਦੀ ਅਵਾਜ਼ ਗੂੰਜ ਗਈ। ਕੁਝ ਪਠਾਣ ਤਾਂ ਘਰਾਂ ਦੇ ਅੰਦਰ ਹੀ ਦਬਕ ਗਏ ਕਿ ਬਾਹਰ ਕੌਣ ਨਿਕਲੇ। ਕੋਈ ਜੋ ਬਾਹਰ ਨਿਕਲੇ, ਸਨੱਧ-ਬੱਧ ਸੈਨਾ ਦੇਖ ਕੇ ਖਿਸਕੰਤ ਹੋ ਗਏ। ਕਿਸੇ ਦਾ ਹੌਂਸਲਾ ਮੁਕਾਬਲਾ ਕਰਨੇ ਦਾ ਨਾ ਪਿਆ। ਜੇ ਕਿਸੇ ਨੇ ਸਾਹਮਣਾ ਕੀਤਾ ਤਾਂ ਮੂੰਹ ਦੀ ਖਾਧੀ। ਸਿੰਘਾਂ ਨੇ ਹਵੇਲੀ ਤੋੜੀ, ਅੰਦਰ ਗਏ, ਪਹਿਰੇ ਦੇ ਆਦਮੀ ਮੁਸ਼ਕਾਂ ਨਾਲ ਬੰਨ੍ਹ ਲਏ ਸਨ। ਹੁਣ ਸਿੱਧੇ ਖਾਂ ਸਾਹਿਬ ਦੇ ਸੌਣ ਦੇ ਕਮਰੇ ਉਸ ਨੂੰ ਪਲੰਘ ਤੋਂ ਘਾਬਰ ਕੇ ਉਠੇ ਐਧਰ ਉਧਰ ਭਜਦੇ ਫਿਰਦੇ ਨੂੰ ਜਾ ਨੱਪਿਆ। ਬ੍ਰਾਹਮਣ ਨੇ ਪਛਾਣ ਕੀਤੀ ਕਿ ਇਹੀ ਹੈ। ਉਸ ਨੇ ਮੰਨਿਆ ਕਿ ਮੇਰਾ ਨਾਮ ਹੀ ਜਾਬਰ ਖਾਂ ਹੈ। ਫਿਰ ਇਸਤ੍ਰੀ ਪਛਾਣੀ, ਹੋਰ ਉਸ ਦੀਆਂ ਜਨਾਨੀਆਂ ਤੋਂ ਪੁੱਛ ਕੀਤੀ, ਉਨ੍ਹਾਂ ਤੋਂ ਤਸੱਲੀ ਕਰਵਾਈ, ਤਦ ਬ੍ਰਾਹਮਣੀ ਭੀ ਨਾਲ ਫੜ ਲਈ, ਬਾਕੀ ਘਰ ਦੀ ਕਿਸੇ ਤ੍ਰੀਮਤ ਨੂੰ ਕੁਛ ਨਾ ਕਿਹਾ, ਉਹਨਾਂ ਦੇ ਕਿਸੇ ਪਦਾਰਥ ਨੂੰ ਹੱਥ ਨਾ ਲਾਇਆ। ਦੋਹਾਂ ਨੂੰ ਲੈ ਕੇ ਬਾਹਰ ਆਏ, ਆਪਣੇ ਫੌਜੀ ਦਸਤੇ ਦੀ ਸਫ ਬੱਧੀ।

**(ਚਲਦਾ)**

# Guru Tegh Bahadur: Protector of Human Rights

❖ Prof. Harpreet Kaur*


Continued...

People have the right to protest against such heinous acts and brutalities although in a legal manner. Although many historians express the view that the people of Delhi were a witness to such an inhuman act and they did not protest but there were visible episodes of such resentments. Bhai Jaita and Lakhi Shah Vanjara's courageous acts are the examples of it. The silent forbearance of the Guru and his Sikhs in custody and even at the last stages made the people utter, 'Dhan Guru ate Dhan Us de Sikh', the testimony to this is found in Guru Kian Sakhian. Mohammad Latif records a feeling of sympathy and remorse for the heinous act by Aurangzeb which according to him was opposite of what the Emperor had intended for he writes, "The courtiers, tinged with superstition, saw what had occurred, they were struck with horror and surprise. The Emperor himself was disgusted and displeased, and ordered the crowd to be dispersed".

Dr. Trilcohan Singh cites that Maasir-i-Alamgiri (Bibliotheca Indica, Pg. 94) records two other individual protests. "Maasir-i-Alamgiri: June or July 1676 A.D.: While the Emperor was mounting his horse in the square (chauk) before the Hall of Audience, a complainer flung a stick at him. It fell on the other side of His Majesty's umbrella; the man was made over to the Kotwal". He adds, "On Friday, 27th October, 1676 A.D. While the Emperor was returning from the Jama mosque and had alighted from the boat in order to mount the movable chair (takht-i-rawan), an ill-fated disciple of Guru Tegh Bahadur threw two bricks, one of which reached the chair. He was seized by the retinue and ordered to be made over to the Kotwal".

Guru Gobind Singh continued his efforts on the same lines describing the supreme sacrifice of his father for sake of Dharma in words, 'Dharam het Saka' and furthered it in a unique way by creating Saint-Soldiers as a weapon in this righteous war. The creation of Khalsa and martyrdom of Mata Gujri Ji, four grandsons of the Guru Tegh Bahadur and sacrifice of numerous Sikhs reiterates the saga of sacrifice for a noble cause and upholds the protection of human rights. "The brutal and wanton murder of Guru Tegh Bahadur shook the very foundations of the mighty Mughal Empire. The example of silent suffering, without uttering a word, created an everlasting impression on the minds of the people" (Johar, Surinder Singh, 1975).

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥



A painting by Basahathullah depicting martyrdom of Guru Tegh Bahadur.
Courtesy : Bhayee Sikandar Singh Bagrian and Roopinder Singh, *Sikh Heritage: Ethos and Relics.*

## Bani of Guru Tegh Bahadur endorses Virtues for a Humane Order

Diversity of life emanates from the universal consciousness. This is contained in the Bani of the Gurus and preserving the diversities and giving these diversities its due recognition was the life purpose of Guru Tegh Bahadur. The 'poetry of deep spiritual insight and wisdom (Singh, Harbans,1996)' pronounced by Guru Tegh Bahadur outlines a path of an individual who is truthful and a society that is more humane. "In his Bani, Guru Ji has elaborated both the states of mind, one that is gripped with fear and one that is fearless" (Singh, Surinder, 2019). One who attaches the mind and conscience in meditation through constant practice, his mental state rises above the worldly realities and material entanglements and he naturally accepts impermanence of the world and is free from fear of death that becomes a source of celebration for such a person. This is a spiritual transformation that a learned man experiences.

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬ ॥
Bhai kahu kao det neh neh bhai manat an.
Kaho Nanak sun re mana giani tahi bakhan ||16||
(SGGS: Pg. 1427)

One who does not frighten anyone, and who is not

afraid of anyone else - says Nanak, listen, mind: call him spiritually wise. ||16||

Human liberation was defined as poise in all adversities and understanding that death is imminent. Guru Tegh Bahadur 'tried to infuse the power of sacrifice in the minds of people' (Ghuman, Bikram Singh, 2003).

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥
Jo nar dukh mai dukh nahi manai.
Sukh sanehu ar bhai nahi ja kai kanchan mati manai.
(SGGS: Pg. 633)

That man, who in the midst of pain, does not feel pain,
who is not affected by pleasure, affection or fear, and who looks alike upon gold and dust.||1||Pause||

The Bani of Guru deprecate excessive love for the pursuit of material gains and one should be attached with the Name of God.

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
Man maia mai fadh rahio bisrio Gobind nam.
(SGGS: Pg. 1428)

The mortal is entangled in Maya; he has forgotten the Name of the Lord of the Universe.

And
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
Jihi maia mamta taji sabh te bhaio udas.
(SGGS: Pg. 1427)

One who renounces Maya and possessiveness and is detached from everything.

And
ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥
Man maia mai ram rahio niksat nahin mit.
(SGGS: Pg. 1428)

The mind is absorbed in Maya - it cannot escape it, my friend.

So, a life that is not entangled in materialistic pursuits is an ideal life. A person is liberated if he renounces Maya, ego and possessiveness and leads lives detached within attachments.

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥
Kaho Nanak vahu mukat nar ih man sacha man. ||19||
(SGGS: Pg. 1427)

says Nanak, that person is liberated; O mind, know this as true. ||19||

### An Unparalleled Saga of Upholding, Respecting and Protecting Rights of Others

Guru Tegh Bahadur was a harbinger of peace and an ardent adherent of the theory of human rights elucidated in the modern times. Peace is not merely the absence of war and conflicts but it includes absence of injustice that needs to be addressed in an impartial manner and the presence of human rights, growth and development. Martin Luther King, famous human rights activist aptly says, "True peace is not merely the absence of tension: It is the presence of justice (Kin, Coretta Scott, 2008). "So, after a long time it has been accepted that peace is not merely non-presence of war, but protection of human rights and maintaining a just order is included in the concept of justice (Singh, Dr. Daljit, 2019).

Guru Tegh Bahadur's martyrdom is unique in our history for it is an example of respecting and protecting rights of others including freedom of faith, religions, cultures, languages, expression, life and way of life. It is an unparalleled saga in which martyrdom was for the sake of faith of others and it was a struggle to uphold the rights of others. It was respect for plurality and diversity of religions and through his travels, the Guru was preparing the masses for impending tumultuous times. In fact, more surprising is the fact that it was to protect the right to embrace the religion which 'he and his distinguished predecessors had abjured (Johar, Surinder Singh, 1975)'. The supremacy of Dharma or righteousness against political tyranny, religious bigotry, oppression by power-holders, injustice against the masses and agony of the tormented was manifested. Dr. Trilochan Singh remarks, "The ideal for which Guru Tegh Bahadur, his wife, his son, his grandsons, and the noblest of his disciples laid down their lives, has survived as the most dynamic and vigorous ethical and spiritual humanism, which can bring lasting peace, unity and harmony to our troubled world. … He believed and died for the morally and spiritually civilized future of human society, which, through such suffering and sacrifices like his, was bound to learn reverence for life, reverence for all universal ideals, and human respect for institutions and cultures aspiring for the highest truth and enlightenment." (Singh, Dr. Trilochan, 1967). "Sri Guru Tegh Bahadur Ji sacrificed his head to protect religion and country. So, he is remembered as 'Hind Ki Chadar'. He sowed the seed of such freedom in the country, it was a message for the countrymen to rise and save the country from the foreigners" (Giani, Joginder Singh, 1966). Gokul Chand Narang writes that the sacrifice of Guru Tegh Bahadur was the greatest deed performed during his life.

Guru Tegh Bahadur's life was to uphold values like liberty, justice, equality, impartiality, respect, dignity and human rights for all and for creating a just social and political order. In short, the Bani, life and martyrdom of Guru Tegh Bahadur Ji endorses the concept of peace for the entire humanity and ensures availability of human rights to the flourishing pluralities present in society.

---

* Principal, Mata Sundri College, University of Delhi.

# ਡਾ. ਸੁਖਬੀਰ ਕੌਰ ਭਾਈ ਵੀਰ ਸਿੰਘ ਨਿਵਾਸ-ਅਸਥਾਨ ਦੇ ਡਾਇਰੈਕਟਰ ਨਿਯੁਕਤ

ਪੰਜਾਬੀ ਸਾਹਿਤ ਚਿੰਤਕ ਅਤੇ ਖ਼ਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ਡਾ. ਸੁਖਬੀਰ ਕੌਰ ਨੇ ਭਾਈ ਵੀਰ ਸਿੰਘ ਨਿਵਾਸ-ਅਸਥਾਨ ਦੇ ਡਾਇਰੈਕਟਰ ਵਜੋਂ ਕਾਰਜ-ਭਾਰ ਸੰਭਾਲ ਲਿਆ ਹੈ। ਇਸਤੋਂ ਪਹਿਲਾਂ ਪ੍ਰਮੁੱਖ ਇਤਿਹਾਸਕਾਰ ਡਾ. ਜੋਗਿੰਦਰ ਸਿੰਘ ਇਸ ਸਥਾਨ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਤੇ ਪੀਐਚ.ਡੀ. ਕਰਨ ਉਪਰੰਤ ਆਪਨੇ ਐਮਜੀਐਸਐਮ ਜਨਤਾ ਕਾਲਜ, ਕਰਤਾਰਪੁਰ (ਜਲੰਧਰ) ਅਤੇ ਖ਼ਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਈ। ਉਪਰੰਤ ਇਸੇ ਖਾਲਸਾ ਕਾਲਜ ਵਿਚ ਸੰਨ 2002 ਤੋਂ 2018 ਤੱਕ ਪ੍ਰਿੰਸੀਪਲ ਰਹੇ ਅਤੇ ਆਪਣੀ ਪ੍ਰਬੰਧਕੀ ਯੋਗਤਾ ਸਦਕੇ ਕਾਲਜ ਦੀ ਸ਼ਾਨਦਾਰ ਅਗਵਾਈ ਕੀਤੀ। ਆਪ ਨੇ ਨਾ ਸਿਰਫ਼ ਕੌਮੀ-ਕੌਮਾਂਤਰੀ ਪੱਧਰ ਦੀਆਂ



**ਤਸਵੀਰ ਵਿਚ ਨਜ਼ਰ ਆ ਰਹੇ ਹਨ (ਖੱਬੇ ਤੋਂ ਸੱਜੇ) ਪ੍ਰੋ. ਜੋਗਿੰਦਰ ਸਿੰਘ (ਸੰਯੁਕਤ ਸੱਕਤਰ, ਸਥਾਨਕ ਕਮੇਟੀ), ਡਾ. ਏ.ਐੱਸ. ਮਹਲ, ਡਾ. ਸੁਖਬੀਰ ਕੌਰ (ਮਹਲ) ਡਾਇਰੈਕਟਰ, ਅਤੇ ਸ. ਗੁਨਬੀਰ ਸਿੰਘ (ਉਪ-ਪ੍ਰਧਾਨ, ਸਥਾਨਕ ਕਮੇਟੀ)।**

ਕਾਨਫਰੰਸਾਂ 'ਚ ਹਿੱਸਾ ਲਿਆ ਸਗੋਂ ਇਹਨਾਂ ਅਕਾਦਮਿਕ ਸੰਸਥਾਵਾਂ ਦੇ ਮੈਂਬਰ ਵੀ ਰਹੇ। ਅਨੇਕਾਂ ਮਾਨ-ਸਨਮਾਨ ਪ੍ਰਾਪਤ ਕਰਨ ਵਾਲੇ ਡਾ. ਸੁਖਬੀਰ ਕੌਰ ਨੇ ਪੰਜਾਬੀ ਆਲੋਚਨਾ ਜਗਤ ਨੂੰ ਕਈ ਪੁਸਤਕਾਂ ਦਿੱਤੀਆਂ ਜਿਵੇਂ **ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਆਂਚਲਿਕਤਾ, ਨਾਨਕ ਸਿੰਘ ਦੇ ਨਾਵਲਾਂ ਵਿਚ ਦੁਖਾਂਤ ਦ੍ਰਿਸ਼ਟੀ, ਕਲਾਸਕੀ ਪੰਜਾਬੀ ਸਾਹਿਤ** ਆਦਿ। ਇਸਤੋਂ ਇਲਾਵਾ ਸਮੇਂ ਸਮੇਂ ਆਪਦੇ ਵੱਖ-ਵੱਖ ਪਤ੍ਰਿਕਾਵਾਂ 'ਚ ਬਹੁਤ ਸਾਰੇ ਖੋਜ ਪੇਪਰ ਵੀ ਪ੍ਰਕਾਸ਼ਿਤ ਹੁੰਦੇ ਰਹੇ। ਵੱਖ-ਵੱਖ ਦੇਸ਼ਾਂ ਦੀ ਯਾਤਰਾ ਕਰਨ ਦੇ ਨਾਲ ਨਾਲ ਆਪਣੇ ਕੰਮ ਪ੍ਰਤੀ ਸਮਰਪਣ ਦੀ ਭਾਵਨਾ ਆਪ ਦੀ ਤਰੱਕੀ ਦਾ ਪ੍ਰਮੁੱਖ ਮੰਤਰ ਰਿਹਾ। ਉਮੀਦ ਕਰਦੇ ਹਾਂ ਤੇ ਵਧਾਈ ਵੀ ਦਿੰਦੇ ਹਾਂ ਕਿ ਆਪਦਾ ਪੂਰਬਲਾ ਅਨੁਭਵ ਇਸ ਨਵੇਂ ਅਦਾਰੇ ਨੂੰ ਆਪਦੀ ਸੁਚੱਜੀ ਅਗਵਾਈ ਵਿਚ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

---

## ਸਿੱਖ ਵਿਦਵਾਨ ਡਾ. ਜੋਧ ਸਿੰਘ ਦਾ ਦੇਹਾਂਤ



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਅਤੇ ਸਿੱਖ ਵਿਸ਼ਵਕੋਸ਼ ਦੇ ਮੁੱਖ ਸੰਪਾਦਕ, ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਡਾ. ਜੋਧ ਸਿੰਘ (79) ਦਾ 20 ਜੂਨ ਨੂੰ ਲੰਮੀ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ। ਉਨ੍ਹਾਂ ਦੇ ਸਸਕਾਰ ਮੌਕੇ ਉਨ੍ਹਾਂ ਦੇ ਪੁੱਤਰ ਰਵਿੰਦਰ ਸਿੰਘ ਨੇ ਉਨ੍ਹਾਂ ਨੂੰ ਚਿਤਾ ਦੀ ਅਗਨੀ ਵਿਖਾਈ। ਉਨ੍ਹਾਂ ਆਪਣਾ ਅਕਾਦਮਿਕ ਸਫ਼ਰ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਦਰਸ਼ਨ ਸ਼ਾਸਤਰ ਅਤੇ ਅੰਗ੍ਰੇਜ਼ੀ 'ਚ ਐਮ. ਏ. ਦੀ ਡਿਗਰੀ ਰਾਹੀਂ ਸ਼ੁਰੂ ਕੀਤਾ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਵਿਸ਼ਵਕੋਸ਼ ਵਿਭਾਗ 'ਚ ਬਤੌਰ ਪ੍ਰੋਫ਼ੈਸਰ ਨਿਯੁਕਤ ਹੋਏ ਅਤੇ ਸਿੱਖ ਵਿਸ਼ਵ ਚਿੰਤਨ ਅਤੇ ਗੁਰਬਾਣੀ ਤੇ ਵਿਸਥਾਰ ਦਾ ਕੰਮ ਕੀਤਾ। ਆਪ ਨੇ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਅੰਗ੍ਰੇਜ਼ੀ 'ਚ ਤਰਜਮਾ ਕੀਤਾ। ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਤੇ ਕੰਮ ਕਰਨ ਦੇ ਨਾਲ ਨਾਲ ਆਪ ਨੇ ਅੱਧੀ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਆਪ ਦੇ ਚਲਾਣੇ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਡਾ. ਰੂਪ ਸਿੰਘ ਸਣੇ ਪੰਜਾਬੀ ਅਦੀਬਾਂ, ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।


## ਦੌੜਾਕ ਮਿਲਖਾ ਸਿੰਘ ਨੂੰ ਅੰਤਿਮ ਵਿਦਾਇਗੀ



ਭਾਰਤ ਦੇ ਪ੍ਰਸਿੱਧ ਦੌੜਾਕ ਅਤੇ ਉਲੰਪੀਅਨ ਮਿਲਖਾ ਸਿੰਘ (91) ਦਾ 19 ਜੂਨ ਨੂੰ ਕਰੋਨਾ ਕਰਕੇ ਦੇਹਾਂਤ ਹੋ ਗਿਆ। ਪੰਜ ਦਿਨ ਪਹਿਲਾਂ ਉਹਨਾਂ ਦੀ ਪਤਨੀ ਨਿਰਮਲ ਮਿਲਖਾ ਸਿੰਘ ਵੀ ਕਰੋਨਾ ਕਾਰਨ ਚਲ ਵਸੇ। ਉਹਨਾਂ ਦੀਆਂ ਤਿੰਨ ਬੇਟੀਆਂ ਤੇ ਇਕ ਬੇਟਾ ਹੈ। ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਾਗੀਰ ਕੌਰ ਸਣੇ ਖੇਡ ਅਤੇ ਸਿਨੇ ਜਗਤ ਦੀਆਂ ਪ੍ਰਮੁੱਖ ਹਸਤੀਆਂ ਨੇ ਉਹਨਾਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦੇਸ਼-ਵੰਡ ਦੇ ਦੁਖਾਂਤ ਨੂੰ ਹੰਢਾਉਣ ਵਾਲੇ ਮਿਲਖਾ ਸਿੰਘ ਦਾ ਸਮੁੱਚਾ ਜੀਵਨ ਸੰਘਰਸ਼ ਨੂੰ ਸਮਰਪਿਤ ਰਿਹਾ। 100, 200, 400 ਮੀਟਰ ਦੌੜਾਂ 'ਚ ਉਹਨਾਂ ਨਵੇਂ ਰਿਕਾਰਡ ਕਾਇਮ ਕੀਤੇ। ਇਨ੍ਹਾਂ 1956, 1964 ਅਤੇ 1969 ਤਿੰਨ ਉਲੰਪਿਕ ਖੇਡਾਂ ਵਿਚ ਭਾਗ ਲਿਆ ਅਤੇ ਤਗਮੇ ਹਾਸਲ ਕੀਤੇ। ਇਹਨਾਂ ਨੂੰ ਉਡਨ ਸਿੱਖ (Flying Sikh) ਦਾ ਖ਼ਿਤਾਬ ਪਾਕਿਸਤਾਨ 'ਚ 1960 ਦੀ ਦੌੜ 'ਚ ਮਿਲਿਆ। ਮਿਲਖਾ ਸਿੰਘ ਜੀ ਦਾ ਤੁਰ ਜਾਣਾ ਸਮੁੱਚੇ ਖੇਡ ਜਗਤ ਅਤੇ ਸਿੱਖ ਭਾਈਚਾਰੇ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

❖ ❖ ❖ ❖

# ਪੁਸਤਕ-ਪੜਚੋਲ




ਪਰਮਪਾਲ ਸਿੰਘ ਸੋਢੀ ਦੀ ਪੁਸਤਕ **ਅਨੰਦ ਕਾਰਜ** ਸਿੱਖ ਧਰਮ ਦੇ ਇਕ ਪ੍ਰਮੁੱਖ ਸੰਸਕਾਰ 'ਅਨੰਦ ਸੰਸਕਾਰ' ਬਾਰੇ ਨਿੱਠ ਕੇ ਕੀਤੀ ਵਿਚਾਰ-ਵਿਆਖਿਆ ਹੈ। ਅਨੰਦ ਸੰਸਕਾਰ ਸਿੱਖੀ 'ਚ ਗ੍ਰਹਿਸਥ ਧਰਮ ਦੀ ਮਹਾਨਤਾ ਨੂੰ ਪ੍ਰਗਟਾਉਂਦਾ ਸੰਕਲਪ ਤੇ ਕਾਰਜ ਹੈ। ਲੇਖਕ ਦੇ ਸ਼ਬਦਾਂ 'ਚ "ਗੁਰਮਤਿ ਅਨੁਸਾਰ ਇਹ ਜੋੜ ਅਸਲ ਵਿਚ ਦੋ ਵਿਛੜੀਆਂ ਰੂਹਾਂ ਨੂੰ ਇਕੱਠਿਆਂ ਕਰਨ ਦੀ ਰੂਹਾਨੀ ਰਸਮ ਹੈ। ਜਿਨਸੀ ਜੋਸ਼ ਦੀ ਪੂਰਤੀ ਤੇ ਸੰਤਾਨ ਪ੍ਰਾਪਤੀ ਇਸਦੇ ਅੰਗ ਹਨ ਲੇਕਿਨ ਰੂਹਾਨੀ ਮਿਲਾਪ ਇਸ ਦਾ ਮੁੱਖ ਮੰਤਵ ਹੈ।" ਪ੍ਰਸਤੁਤ ਪੁਸਤਕ 'ਚ ਅਨੰਦ ਸੰਸਕਾਰ ਤੋਂ ਹੋਂਦ 'ਚ ਆਏ ਗ੍ਰਹਿਸਥ ਧਰਮ ਬਾਰੇ ਵੱਖ-ਵੱਖ ਸਿਰਲੇਖਾਂ ਹੇਠ ਸਵਿਸਤਾਰ ਚਰਚਾ ਕੀਤੀ ਗਈ ਹੈ।

ਇਸ ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ 'ਚ 13 ਪਾਠ ਹਨ ਜਿਹੜੇ ਅਨੰਦ ਕਾਰਜ ਨਾਲ ਸੰਬੰਧਤ ਪੱਖਾਂ ਬਾਰੇ ਚਰਚਾ ਕਰਦੇ ਹਨ। 'ਅਨੰਦ ਕਾਰਜ' ਪਾਠ ਵਿਚ ਗੁਰਮਤਿ ਦੇ ਬਾਕੀ ਧਰਮਾਂ ਨਾਲੋਂ ਵਿਆਹ-ਰਸਮ ਦੀ ਵਿਲੱਖਣਤਾ ਨੂੰ ਦਰਸਾਇਆ ਗਿਆ ਹੈ ਤੇ ਫਿਰ ਵਿਆਹ ਦੀ ਰਸਮ ਨੂੰ ਗੁਰਮਤਿ ਵਿਚ ਅਨੰਦ-ਕਾਰਜ ਕਿਉਂ ਕਿਹਾ ਜਾਂਦਾ ਹੈ, ਇਸਦਾ ਸੁੰਦਰ ਵਰਣਨ ਹੈ। 'ਅਨੰਦ-ਸੰਸਕਾਰ ਦਾ ਪਿਛੋਕੜ' ਪਾਠ ਵਿਚ ਆਦਿ ਕਾਲ ਤੋਂ ਲੈ ਕੇ ਮੱਧ ਕਾਲ ਤੱਕ ਦੀਆਂ ਵਿਆਹ ਰੀਤੀਆਂ ਬਾਰੇ ਜ਼ਿਕਰ ਹੈ। 'ਗੁਰਮਤਿ ਵਿਚ ਗ੍ਰਹਿਸਤ ਜੀਵਨ ਪ੍ਰਧਾਨ ਹੈ' ਪਾਠ ਵਿਚ ਗੁਰਮਤਿ 'ਚ ਇਸ ਪ੍ਰਧਾਨਤਾ ਨੂੰ ਗੁਰੂਆਂ ਦੇ ਜੀਵਨ-ਪ੍ਰਸੰਗ 'ਚੋਂ ਉਭਾਰ ਕੇ 'ਵਿਚਿ ਗ੍ਰਿਹਿ ਉਦਾਸੀ' ਦੇ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ। ਜੀਵਨ ਸਾਥੀ ਦੀ ਚੋਣ ਵਿਚ ਮਾਪਿਆਂ ਦੀ ਕੀ ਭੂਮਿਕਾ ਹੈ, ਅਗਲਾ ਪਾਠ ਇਸਦਾ ਨਿਬੇੜਾ ਹੈ। 'ਅਨੰਦ ਕਾਰਜ ਦੀ ਰਸਮ' ਪਾਠ ਵਿਚ ਅਨੰਦ ਦੀ ਰਸਮ ਦਾ ਨਿਰਬਾਹ ਕਿਵੇਂ ਕਰਨਾ ਹੈ, ਗੁਰਮਤਿ ਦੀ ਰੌਸ਼ਨੀ 'ਚ ਇਸਦਾ ਖੁਲਾਸਾ ਕੀਤਾ ਗਿਆ ਹੈ। ਤੇ ਇਸ ਰਸਮ ਨੂੰ ਨਿਭਾਉਂਦਿਆਂ ਜਿਹੜੀਆਂ ਫ਼ਾਲਤੂ ਤੇ ਲੋਕ-ਦਿਖਾਵੇ ਦੀਆਂ ਰਸਮਾਂ ਦਾ ਨਿਰਬਾਹ ਅਸੀਂ ਕਰਦੇ ਹਾਂ, ਲੇਖਕ ਨੇ ਉਸਦਾ ਵੀ ਨੋਟਿਸ ਲਿਆ ਹੈ। ਪਾਠ 'ਸਾਦਾ ਵਿਆਹ' ਵਿਚ ਇਨ੍ਹਾਂ ਗੱਲਾਂ ਦਾ ਖੁਲਾਸਾ ਨਿੱਠ ਕੇ ਹੋਇਆ ਹੈ। ਅਨੰਦ ਤੇ ਪੜ੍ਹਿਆ ਗਿਆ ਤੇ ਹੁਣ ਅਗਲਾ ਵੱਡਾ ਮਸਲਾ ਇਸਦੇ ਨਿਰਬਾਹ ਦਾ ਹੈ।

ਅਜੋਕੇ ਸਮੇਂ 'ਚ ਇਹ ਨਿਰਬਾਹ ਬਹੁਤ ਚੁਣੌਤੀਪੂਰਨ ਹੁੰਦਾ ਜਾ ਰਿਹਾ ਹੈ, ਪੈਦਾ ਹੁੰਦੀਆਂ ਸਮੱਸਿਆਵਾਂ ਤੋਂ ਫਿਰ ਤਲਾਕ ਤਕ ਨੌਬਤ ਪਹੁੰਚ ਜਾਂਦੀ ਹੈ ਤੇ ਤਲਾਕਾਂ ਦੀ ਗਿਣਤੀ 'ਚ ਵੀ ਪਿਛਲੇ ਸਮੇਂ ਤੋਂ ਕਾਫ਼ੀ ਵਾਧਾ ਹੋਇਆ ਹੈ। ਲੇਖਕ ਅਨੁਸਾਰ ਜਦ ਜੋੜਾ ਉਸ ਸਿੱਖਿਆ ਨੂੰ ਵਿਸਾਰ ਦਿੰਦਾ ਹੈ ਜੋ ਗ੍ਰੰਥੀ ਸਾਹਿਬ ਅਨੰਦ ਸੰਸਕਾਰ ਸਮੇਂ ਗ੍ਰਹਿਸਥ ਧਰਮ 'ਚ ਪ੍ਰਵੇਸ਼ ਕਰ ਰਹੇ ਜੋੜੇ ਨੂੰ ਦਿੰਦਾ ਹੈ, ਤਾਂ ਸਮੱਸਿਆਵਾਂ ਜਨਮ ਲੈਂਦੀਆਂ ਹਨ। ਤਿੰਨ ਭੱਬਿਆਂ ਵਾਲੇ ਪਾਠ ਵਿਚ ਇਸ ਸਿੱਖਿਆ ਨੂੰ ਗੁਰਮਤਿ-ਰਾਹ ਦੀਆਂ ਮਿਸਾਲਾਂ ਸਹਿਤ ਬਾਖ਼ੂਬੀ ਉਭਾਰਿਆ ਗਿਆ ਹੈ। ਅਗਲੇਰੇ ਪਾਠ ਵੀ ਇਸੇ ਨਿਰਬਾਹ ਨੂੰ ਹੋਰ ਖੋਲਦੇ ਹਨ। ਪ੍ਰਸਤੁਤ ਪੁਸਤਕ ਦੇ ਸਭ ਪਾਠਾਂ 'ਚ ਅਨੰਦ-ਵਿਆਹ ਦੇ ਇਹਨਾਂ ਸਭ ਪੱਖਾਂ ਤੇ ਗੁਰਬਾਣੀ ਤੇ ਇਤਿਹਾਸ ਤੋਂ ਮਿਸਾਲਾਂ ਲੈ ਕੇ ਸਾਡਾ ਮਾਰਗ-ਦਰਸ਼ਨ ਕੀਤਾ ਗਿਆ ਹੈ। ਇਸ ਮਾਰਗ-ਦਰਸ਼ਨ 'ਚ ਸਿੱਖ ਰਹਿਤ ਮਰਿਯਾਦਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਸ 'ਅਨੰਦ ਮੈਰਿਜ ਐਕਟ' 1909 ਦਾ ਵੀ ਵਰਣਨ ਕੀਤਾ ਗਿਆ ਹੈ ਜਿਸ ਅਧੀਨ ਸਿੱਖ ਵਿਆਹਾਂ ਦਾ ਅੱਜ-ਕੱਲ੍ਹ ਰਜਿਸਟ੍ਰੇਸ਼ਨ ਹੁੰਦਾ ਹੈ।

ਪੁਸਤਕ ਦੇ ਦੂਜੇ ਭਾਗ 'ਚ ਲਾਵਾਂ ਬਾਰੇ ਮੁਢਲੀ ਚਰਚਾ ਕਰਦਿਆਂ ਲਾਵਾਂ ਦੇ ਪਾਠ-ਅਰਥ ਅਤੇ ਉਸ ਵੇਲੇ ਪੜ੍ਹੇ ਜਾਂਦੇ ਸ਼ਬਦਾਂ ਦੀ ਵਿਅਖਿਆ ਕੀਤੀ ਗਈ ਹੈ। ਦਰਅਸਲ ਹਰ ਵਿਆਹ ਕਰਾਉਣ ਵਾਲੇ ਇਨਸਾਨ ਅਤੇ ਵਿਆਂਦੜ੍ਹ ਲਈ ਇਹ ਪੁਸਤਕ ਪੜ੍ਹਨੀ ਬਹੁਤ ਜ਼ਰੂਰੀ ਹੈ ਤਾਂ ਜੋ ਜੀਵਨ ਦੇ ਇਕ ਪ੍ਰਮੁੱਖ ਵਰਤਾਰੇ ਵਿਆਹ ਬਾਰੇ ਹਕੀਕੀ ਜਾਣਕਾਰੀ ਹਾਸਲ ਹੋ ਸਕੇ। ਸੰਸਾਰ 'ਚ ਕਈ ਮੱਤ-ਵਿਚਾਰਧਾਰਾਵਾਂ ਪ੍ਰਚੱਲਤ ਹਨ। ਆਧੁਨਿਕ ਮਤ-ਵਿਚਾਰਧਾਰਾ ਜਾਂ ਪ੍ਰਚੱਲਤ ਵਰਤਾਰੇ ਨੇ ਮਨੁੱਖ ਨੂੰ ਖਾਸਾ ਭੰਬਲਭੂਸੇ 'ਚ ਪਾਇਆ ਹੈ ਤੇ ਜੀਵਨ ਨੂੰ ਸਿਰਫ਼ ਖਾਣ-ਪੀਣ ਤੇ ਮੌਜ ਕਰਨ ਤੱਕ ਸੀਮਤ ਕਰ ਦਿੱਤਾ ਹੈ। ਇਹ ਮਨਮਰਜ਼ੀ ਦੀ ਜੀਵਨ-ਜਾਚ ਨੂੰ ਉਭਾਰਦੀਆਂ ਗੱਲਾਂ ਹਨ ਜਿਨ੍ਹਾਂ ਮਨੁੱਖ ਨੂੰ ਨਾ ਸਿਰਫ਼ ਸਵਾਰਥੀ ਬਣਾਇਆ ਹੈ ਸਗੋਂ ਸ੍ਵੈ ਤਕ ਸੀਮਤ ਵੀ ਕੀਤਾ ਹੈ। ਜਦਕਿ ਤਿਆਗ, ਸੇਵਾ, ਸਿਮਰਨ, ਸੰਜਮ ਤੇ ਖੜੋਤੀ ਗੁਰਮਤਿ ਜੀਵਨ-ਵਿਧੀ ਦਾ ਰਾਹ ਅਸਲੋਂ ਵੱਖਰਾ ਹੈ ਜੋ ਨਾ ਕੇਵਲ ਗ੍ਰਹਿਸਤ ਜੀਵਨ ਨੂੰ ਅਨੰਦਮਈ ਲੀਹਾਂ ਤੇ ਚਲਾਉਂਦਾ ਹੈ ਸਗੋਂ ਸਮਾਜ ਤੇ ਅਗਲੇਰੀ ਸੰਤਾਨ ਲਈ ਵੀ ਪਰੋਪਕਾਰੀ ਸਾਬਤ ਹੁੰਦਾ ਹੈ। ਸਰਵਰਕ, ਸ਼ਬਦ ਜੋੜ, ਕਾਗਜ਼, ਸੈਟਿੰਗ ਆਦਿ ਪੱਖਾਂ ਤੋਂ ਮਿਆਰੀ ਪ੍ਰਤਿਮਾਨ ਰੱਖਦੀ ਇਸ ਪੁਸਤਕ ਦੀ ਗੁਰਮਤਿ ਸਾਹਿਤ ਵਿਚ ਅਸਲੋਂ ਨਿਵੇਕਲੀ ਲੋੜ ਸੀ ਤੇ ਇਸ ਲੋੜ ਨੂੰ ਲੇਖਕ ਨੇ ਬਹੁਤ ਹੀ ਮਿਹਨਤ ਨਾਲ ਪੂਰਿਆਂ ਕੀਤਾ ਹੈ ਤੇ ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਪੁਸਤਕ ਨੂੰ ਇੱਕ ਵਾਰ ਜ਼ਰੂਰ ਪੜ੍ਹੀਏ ਤਾਂ ਜੋ ਗ੍ਰਿਹਸਤੀ ਜੀਵਨ ਨਿਭਾਉਂਦਿਆਂ ਗੁਰਮਤਿ ਜੀਵਨ-ਜਾਚ ਦੇ ਅਸਲੋਂ ਪਾਂਧੀ ਬਣਿਆ ਜਾ ਸਕੇ।

**- ਮਨਿੰਦਰ ਸਿੰਘ ਸੋਨੀ**
9891591206

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੮੨, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੪੯}

[ਵਡਹੰਸੁ ਮਹਲਾ ੩, ਅਲਾਹਣੀ-੧-੬]

**ਮੂਲ**

ਵਡਹੰਸ ਮਹਲਾ ੩ ੴ ਸਤਿਗੁਰ ਪ੍ਰਸਾਦਿ॥

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ॥ ਸਾਧਨ ਰੰਡ ਨ ਕਬਹੂ ਬੈਸਈ ਨਾ ਕਦੇ ਹੋਵੈ ਸੋਗੁ॥ ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾਧਨ ਮਹਲਿ ਸਮਾਣੀ॥ ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ॥ ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ॥ ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ॥੧॥

**ਅਰਥ**

[ਪ੍ਰਸ਼ਨ: ਕਦੇ ਮਿਲਕੇ ਵਿਜੋਗ ਬੀ ਹੋ ਜਾਂਦਾ ਹੈ? ਉੱਤਰ:] ਹਰੀ ਜੋ ਸੱਚਾ ਪ੍ਰਭੂ ਹੈ (ਉਸ ਨੂੰ) ਸਲਾਹੁੰਦੇ ਰਹੀਏ, ਸਾਰਾ ਕੰਮ ਕਰਨੇ ਨੂੰ (ਉਹ) ਸਮਰੱਥ ਹੈ। (ਉਹ ਗੁਰਮੁਖ ਰੂਪੀ ਸੁਹਾਗਣ) ਇਸਤ੍ਰੀ ਕਦੇ ਵਿਧਵਾ ਹੋ ਕੇ ਨਹੀਂ ਬੈਠੇਗੀ, ਨਾ (ਉਸ ਨੂੰ) ਕਦੇ ਸੋਗ ਹੋਵੇਗਾ। (ਹਾਂ, ਉਸ ਨੂੰ) ਕਦੇ ਸੋਗ ਨਹੀਂ ਹੋਵੇਗਾ, (ਉਹ) ਸਦੀਵ ਰਸ ਮਾਣੇਗੀ, (ਕਿਉਂਕਿ ਓਹ ਗੁਰਮੁਖ ਰੂਪੀ) ਇਸਤ੍ਰੀ (ਆਪਣੇ ਪਤੀ ਦੇ) ਸਰੂਪ ਵਿਚ ਸਮਾਈ ਹੋਈ (ਰਹਿੰਦੀ ਹੈ, ਕਦੇ ਵਿਛੁੜਦੀ ਨਹੀਂ। ਹਾਂ) ਜਿਸ ਨੇ (ਆਪਣੇ) ਕਰਮਾਂ ਦੇ ਫਲ ਪ੍ਰਦਾਤੇ ਪਤੀ ਨੂੰ (ਇਉਂ) ਜਾਣ ਲਿਆ ਹੈ, (ਉਹ) ਅੰਮ੍ਰਿਤ ਬਾਣੀ ਬੋਲਦੀ ਹੈ। (ਐਸੀਆਂ ਗੁਰਮੁਖ ਰੂਪੀ) ਗੁਣਵੰਤੀਆਂ ਆਪਣੇ ਪਤੀ (=ਪਰਮੇਸ਼ੁਰ) ਦੇ ਗੁਣ ਗਾਉਂਦੀਆਂ (ਉਸ ਨੂੰ) ਯਾਦ ਕਰਦੀਆਂ ਰਹਿੰਦੀਆਂ ਹਨ, (ਉਨ੍ਹਾਂ ਨੂੰ) ਕਦੇ ਵਿਛੋੜਾ ਨਹੀਂ ਹੁੰਦਾ। (ਤਾਂਤੇ, ਹੇ ਭਾਈ) ਸੱਚੇ ਪਤੀ (=ਪਰਮੇਸ਼ੁਰ) ਨੂੰ ਸਲਾਹੁੰਦੇ ਰਹੀਏ ਜੋ ਸਭ ਕੁਛ ਕਰਨੇ ਨੂੰ ਸਮਰੱਥ ਹੈ॥1॥

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ॥ ਸਾਧਨ ਪ੍ਰਿਅ ਕੈ ਰੰਗਿ ਰਤੀ ਵਿਚਹੁ ਆਪੁ ਗਵਾਏ॥ ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ ਗੁਰਮੁਖਿ ਏਕੋ ਜਾਤਾ॥ ਕਾਮਣਿ ਇਛ ਪੁੰਨੀ ਅੰਤਰਿ ਭਿੰਨੀ ਮਿਲਿਆ ਜਗ ਜੀਵਨੁ ਦਾਤਾ॥ ਸਬਦ ਰੰਗਿ ਰਾਤੀ ਜੋਬਨਿ ਮਾਤੀ ਪਿਰ ਕੈ ਅੰਕਿ ਸਮਾਏ॥ ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ॥੨॥

[ਪ੍ਰਸ਼ਨ: ਆਪਣੇ ਸੱਚੇ ਸਾਹਿਬ ਨੂੰ ਕੀਕੂੰ ਪਛਾਣੀਦਾ ਹੈ? ਉੱਤਰ:] ਸੱਚੇ ਸਾਹਿਬ ਨੂੰ ਸ਼ਬਦ (ਨਾਮ) ਦੁਆਰਾ ਪਛਾਣੀਦਾ ਹੈ, ਉਹ ਆਪੇ (ਆਪਣੇ ਨਾਲ) ਮਿਲਾ ਲੈਂਦਾ ਹੈ। (ਗੁਰਮੁਖ ਰੂਪੀ) ਇਸਤ੍ਰੀ ਤਾਂ ਪਤੀ ਦੇ ਪ੍ਰੇਮ ਵਿਚ ਰੱਤੀ ਹੋਈ ਆਪਾ ਭਾਵ (ਮਨ) ਵਿਚੋਂ ਦੂਰ ਕਰ ਦੇਂਦੀ ਹੈ। (ਹਾਂ, ਜਦ ਉਹ ਮਨ) ਵਿਚੋਂ ਆਪਾ ਭਾਵ (=ਹਉਮੈਂ) ਗੁਆ ਲੈਂਦੀ ਹੈ (ਤਾਂ ਉਸ ਨੂੰ) ਫੇਰ ਕਾਲ ਨਹੀਂ ਖਾਂਦਾ, (ਭਾਵ ਜਨਮ ਮਰਨ ਮਿਟ ਜਾਂਦਾ ਹੈ ਤੇ ਉਹ) ਗੁਰੂ ਦੁਆਰਾ ਇਕੋ (ਪ੍ਰਭੂ ਨੂੰ) ਜਾਣ ਲੈਂਦੀ ਹੈ। (ਹਾਂ,) ਉਹ ਅੰਦਰੋਂ (ਪ੍ਰੇਮ ਨਾਲ) ਭਿੱਜੀ ਰਹਿੰਦੀ ਹੈ। ਉਸ ਨੂੰ ਜਗਤ ਤਾਈਂ ਜੀਵਨ ਦੇਣ ਵਾਲਾ ਦਾਤਾ ਜੁ ਮਿਲ ਪੈਂਦਾ ਹੈ, (ਐਉਂ) ਉਸ (ਗੁਰਮੁਖ ਰੂਪ) ਇਸਤ੍ਰੀ ਦੀ (ਸਦਾ ਮਿਲੇ ਰਹਿਣ ਦੀ) ਇਛਾ ਪੂਰੀ ਹੋ ਜਾਂਦੀ ਹੈ। (ਸੋ ਭਾਈ! ਜੋ ਗੁਰਮੁਖ ਰੂਪੀ ਇਸਤ੍ਰੀ ਆਪਣੇ) ਪ੍ਰੇਮ ਦੇ ਹੁਲਾਰਿਆਂ ਵਿਚ ਮਸਤ (ਸ਼ਬਦ=) ਨਾਮ ਦੇ ਰੰਗ ਵਿਚ ਰੱਤੀ ਹੋਈ ਹੋਵੇ (ਉਹ) ਪਤੀ ਦੇ ਅੰਕ (=ਗੋਦ ਯਾ ਸਰੂਪ) ਵਿਚ ਸਮਾ ਜਾਂਦੀ ਹੈ। (ਇਸ ਲਈ ਯਾਦ ਰਖੋ ਕਿ) ਸੱਚਾ ਸਾਹਿਬ ਸ਼ਬਦ ਦੁਆਰਾ ਪਛਾਣੀਦਾ ਹੈ, (ਸ਼ਬਦ ਦੀ ਕਮਾਈ ਕਰਦਿਆਂ ਸੱਚਾ ਸਾਹਿਬ ਆਪੇ (ਆਪਣੇ ਨਾਲ) ਮਿਲਾ ਲੈਂਦਾ ਹੈ॥2॥

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ॥ ਆਪੁ ਛੋਡਿ ਸੇਵਾ ਕਰੀ ਪਿਰੁ ਸਚੜਾ ਮਿਲੈ ਸਹਜਿ ਸੁਭਾਏ॥ ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ॥ ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰਿ ਸਹਜਿ ਸਮਾਧੀ॥ ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ ਰੰਗੁ ਮਾਣੇ ਸਹਜਿ ਸੁਭਾਏ॥ ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ॥੩॥

[ਹੁਣ ਕੰਤ ਨੂੰ ਪ੍ਰਾਪਤ ਸੁਹਾਗਣਾਂ ਨੂੰ ਪੁੱਛਣ ਦੀ ਗੱਲ ਟੁਰਦੀ ਹੈ ਕਿ ਓਹ ਆਪਣਾ ਤਜਰਬਾ ਦੱਸਣ। ਏਥੇ ਸਾਫ ਅੱਖਰਾਂ ਵਿਚ 'ਕੰਤ ਪਛਾਣਨ ਵਾਲੀ' ਨੂੰ ਸੰਤ ਕਿਹਾ ਹੈ।] ਮੈਂ (ਹੁਣ) ਉਨ੍ਹਾਂ ਸੰਤਾਂ (ਰੂਪ ਇਸਤ੍ਰੀਆਂ) ਨੂੰ ਜਾਕੇ ਪੁੰਛਦੀ ਹਾਂ, ਜਿਨ੍ਹਾਂ ਨੇ ਕਿ ਆਪਣੇ ਕੰਤ (=ਪਰਮੇਸ਼ੁਰ) ਨੂੰ ਪਛਾਣ ਲਿਆ ਹੈ। [ਪੁਛਣ ਤੇ ਉਹਨਾਂ ਸੰਤਾਂ ਨੇ ਉੱਤਰ ਦਿੱਤਾ:] (ਅਸਾਂ) ਆਪਾ ਭਾਵ ਛਡਕੇ ਸੇਵਾ ਕੀਤੀ, (ਐਉਂ) ਸੱਚਾ ਪਤੀ ਸਹਿ ਸੁਭਾ ਆ ਮਿਲਦਾ ਹੈ। [ਪ੍ਰਸ਼ਨ: ਸੇਵਾ ਦਾ ਭਾਵ ਕੀ ਹੈ? ਉੱਤਰ:] ਇਸਤ੍ਰੀ ਸੱਚੇ ਸ਼ਬਦ ਵਿਚ ਰਚ ਜਾਂਦੀ ਹੈ ਤੇ ਸੱਚ ਦੀ ਕਮਾਈ ਕਰਦੀ ਹੈ ਤਦ ਸੱਚਾ ਪਤੀ ਮਿਲ ਪੈਂਦਾ ਹੈ। ਫੇਰ ਓਹ ਕਦੇ ਵਿਧਵਾ ਨਹੀਂ ਹੁੰਦੀ, (ਉਹ) ਸਦਾ ਸੁਹਾਗਣ (ਹੋ ਜਾਂਦੀ ਹੈ, ਕਿਉਂਕਿ ਉਸ ਦੇ) ਅੰਦਰ ਸਹਜ ਸਮਾਧੀ (ਲੱਗੀ ਰਹਿੰਦੀ ਹੈ)। [ਪ੍ਰਸ਼ਨ: ਸਹਜ ਸਮਾਧਿ ਕੀ ਹੁੰਦੀ ਹੈ? ਉੱਤਰ:] ਪਤੀ (ਪਰਮੇਸ਼ੁਰ ਸਾਰੇ) ਭਰਪੂਰ ਹੋ ਰਿਹਾ ਹੈ, (ਉਸ ਨੂੰ ਉਹ) ਹਾਜ਼ਰਾ ਹਜ਼ੂਰ ਵੇਖਦੀ ਹੈ ਤੇ ਸਹਿ ਸੁਭਾ ਹੀ (ਉਸ ਦੇ) ਪ੍ਰੇਮ ਨੂੰ ਮਾਣਦੀ ਹੈ। (ਇਹ ਉੱਤਰ ਸੁਣਨ ਵਾਸਤੇ ਮੈਨੂੰ ਚਾਉ ਸੀ ਕਿ) ਜਿਨ੍ਹਾਂ ਨੇ ਆਪਣੇ ਪਤੀ ਨੂੰ ਪਛਾਣ ਲਿਆ ਹੈ, ਮੈਂ ਉਨ੍ਹਾਂ ਸੰਤਾਂ ਨੂੰ ਜਾ ਕੇ (ਉਨ੍ਹਾਂ ਦਾ ਤਜਰਬਾ ਬੀ) ਪੁੱਛਾਂ॥3॥

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥ ਸਤਿਗੁਰ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ॥ ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ॥ ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ॥ ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ॥ ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥੪॥੧॥

[ਕੀਹ ਪਤੀ ਨੂੰ ਮਿਲਕੇ ਵਿੱਛੁੜੀਆਂ ਦਾ ਬੀ ਕੋਈ ਉਪਰਾਲਾ ਹੋ ਸਕਦਾ ਹੈ? ਕਿ ਸਦਾ ਲਈ ਮਾਰੀਆਂ ਗਈਆਂ? ਓੱਤਰ:] ਪਤੀ (=ਪਰਮੇਸ਼ੁਰ ਤੋਂ) ਵਿੱਛੁੜੀਆਂ (ਭੀ=) ਫੇਰ ਮਿਲ ਪੈਣਗੀਆਂ ਜੇ ਸੱਚੇ ਸਤਿਗੁਰੂ ਦੇ ਪੈਰੀਂ ਆ ਲੱਗਣ ਤਾਂ। [ਪ੍ਰਸ਼ਨ: ਸਤਿਗੁਰੂ ਐਸੀਆਂ ਔਗੁਣਾਂ ਵਾਲੀਆਂ ਨੂੰ ਕਿਉਂ ਮਿਲਣਗੇ? ਓੱਤਰ:] ਸਤਿਗੁਰੂ ਸਦਾ ਦਿਆਲੂ (-ਮੂਰਤੀ) ਹੈ (ਜੋ ਉਨ੍ਹਾਂ ਦੇ) ਔਗੁਣਾਂ ਨੂੰ (ਆਪਣੇ) ਸ਼ਬਦ ਦੁਆਰਾ ਦੂਰ ਕਰ ਦੇਂਦਾ ਹੈ। (ਹਾਂ,) ਔਗੁਣਾਂ ਨੂੰ ਸ਼ਬਦ ਦੁਆਰਾ ਸਾੜ ਦੇਂਦਾ ਹੈ, ਦੁਤੀਆ ਭਾਉ ਦੂਰ ਕਰ ਦੇਂਦਾ ਹੈ (ਤੇ) ਸੱਚ ਵਿਚ (ਭਾਵ ਸੱਚੇ ਪਤੀ ਵਿਚ ਸੱਚੇ=) ਸਚਮੁਚ ਰੱਤੀ ਹੋਈ (ਬਣਾ ਦੇਂਦਾ) ਹੈ। (ਸੋ ਭਾਈ ਸਮਝ ਲਓ ਕਿ) ਸੱਚੇ ਹੀ ਸ਼ਬਦ ਦੁਆਰਾ (ਸਭ ਨੇ) ਸਦਾ ਸੁਖ ਪਾਇਆ ਹੈ, (ਇਸੇ ਨਾਲ ਸਭ ਦਾ) ਹਉਮੈ ਵਾਲਾ ਭਰਮ ਭੁਲੇਵਾ ਦੂਰ ਹੋਇਆ ਹੈ। ਹੇ ਨਾਨਕ! ਪਤੀ (=ਪਰਮੇਸ਼ੁਰ) ਪਵਿਤ੍ਰ ਹੈ, ਸਦਾ ਸੁੱਖਾਂ ਦਾ ਦਾਤਾ ਹੈ, ਸ਼ਬਦ ਉਸ ਨੂੰ ਮਿਲਾ ਦੇਂਦਾ ਹੈ। (ਸੋ ਨਿਰਾਸ ਨਾ ਹੋਵੋ) ਪਤੀ ਤੋਂ ਵਿੱਛੁੜੀਆਂ ਬੀ ਫੇਰ ਮਿਲ ਪੈਂਦੀਆਂ ਹਨ ਜੇ ਸੱਚੇ ਸਤਿਗੁਰੂ ਦੀ ਚਰਨੀਂ ਆ ਲੱਗਣ ਤਾਂ॥੪॥੧॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਡਾ. ਪ੍ਰੀਆ ਅਟਵਾਲ ਦੀ ਪੁਸਤਕ 'ਰਾਇਲਜ਼ ਐਂਡ ਰੈਬਲਜ਼' ਤੇ ਚਰਚਾ

ਨਵੀਂ ਦਿੱਲੀ, 18 ਜੂਨ 2021 – ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵੱਲੋਂ ਪੁਸਤਕ ਚਰਚਾ ਦੇ ਮਹੀਨਾਵਾਰ ਪ੍ਰੋਗਰਾਮ ਤਹਿਤ ਇਸ ਵਾਰ ਡਾ. ਪ੍ਰੀਆ ਅਟਵਾਲ ਦੀ ਪੁਸਤਕ *Royals & Rebels* ਦੇ ਉਪਰ ਪ੍ਰੋਫ਼ੈਸਰ ਇਮੈਰੀਟਾ ਆਫ਼ ਹਿਸਟਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰੋ. ਇੰਦੂ ਬਾਂਗਾ ਅਤੇ ਸੈਂਟਰ ਫਾਰ ਮੀਡੀਆ ਸਟਡੀਜ਼, ਜੇ.ਐਨ.ਯੂ. ਤੋਂ ਪ੍ਰੋਂ. ਰਾਕੇਸ਼ ਬਾਟਾਬਿਆਲ ਨੇ ਲੈਕਚਰ ਦਿੱਤਾ। ਇਸਦਾ ਸੰਚਾਲਨ ਐਸੋਸੀਏਟ ਪ੍ਰੋਫ਼ੈਸਰ, ਦਿਆਲ ਸਿੰਘ ਇਵਨਿੰਗ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਤੋਂ ਡਾ. ਮਾਧੁਰੀ ਚਾਵਲਾ ਨੇ ਕੀਤਾ। ਲੇਖਿਕਾ ਡਾ. ਪ੍ਰੀਆ ਅਟਵਾਲ ਨੇ ਵੀ ਇਸ ਚਰਚਾ 'ਚ ਆਪਣੇ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਸੁਭਾਗ ਸੀ ਕਿ ਇਸ ਵਿਚ ਸਾਬਕਾ ਪ੍ਰਧਾਨ ਮੰਤਰੀ ਅਤੇ ਸਦਨ ਦੇ ਪ੍ਰਧਾਨ ਡਾ. ਮਨਮੋਹਨ ਸਿੰਘ, ਸਿੱਖ ਇਤਿਹਾਸਕਾਰ ਡਾ. ਜਗਤਾਰ ਸਿੰਘ ਗਰੇਵਾਲ ਤੇ ਹੋਰ ਵਿਦਵਾਨਾਂ ਨੇ ਆਨਲਾਈਨ ਸ਼ਮੂਲੀਅਤ ਕੀਤੀ।

ਪ੍ਰੋਗਰਾਮ ਦੇ ਸ਼ੁਰੂ 'ਚ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਇਸ ਕਰੋਨਾ ਸੰਕਟ ਦੇ ਸਮੇਂ ਆਨਲਾਈਨ ਚਲ ਰਹੀਆਂ ਸਦਨ ਦੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਸਭ ਨੂੰ ਜੀਓ-ਆਇਆਂ ਕਿਹਾ। ਸੰਚਾਲਕ ਡਾ. ਮਾਧੁਰੀ ਚਾਵਲਾ ਨੇ ਲੇਖਿਕਾ ਅਤੇ ਵਕਤਿਆਂ ਬਾਰੇ ਦੱਸਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਕਾਇਮੀ ਅਤੇ ਪਤਨ ਬਾਰੇ ਲਿਖੀ ਇਸ ਪੁਸਤਕ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ। ਪ੍ਰੋ. ਇੰਦੂ ਬਾਂਗਾ ਨੇ ਇਸ ਪੁਸਤਕ ਦੀ ਪੁਣ-ਛਾਣ ਕਰਦਿਆਂ ਇਸਨੂੰ ਅਜਿਹੀ ਸਿਰਜਨਾ ਕਿਹਾ ਜਿਸ ਨੂੰ ਬਹੁਤ ਵਧੀਆ ਢੰਗ ਨਾਲ ਲਿਖਿਆ ਗਿਆ ਹੈ। ਉਨ੍ਹਾਂ ਅਨੁਸਾਰ ਇਸ ਸਿਰਜਨਾ 'ਚ ਔਰਤ ਦੀ ਸ਼ਖ਼ਸੀਅਤ ਤੇ ਉਸਦੇ ਰਾਜਨੀਤਕ ਰੋਲ ਨੂੰ ਬਾਖ਼ੂਬੀ ਤੇ ਵਿਸਤਾਰ 'ਚ ਨਿਭਾਇਆ ਗਿਆ ਹੈ। ਪੁਸਤਕ 'ਚ ਖ਼ਾਲਸਾ ਫੌਜ ਅਤੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਦੇ ਪ੍ਰਸੰਗ ਬਹੁਤ ਸ਼ਾਨਦਾਰ ਹਨ। ਪਰ ਪੁਸਤਕ ਦਾ ਦੁਜੈਲੇ ਸ੍ਰੋਤਾਂ ਤੇ ਨਿਰਭਰ ਹੋਣਾ, ਸਿੱਖ ਤੇ ਪੰਜਾਬੀ ਨੂੰ ਇੱਕੋ ਅਰਥਾਂ 'ਚ ਵਰਤ ਲੈਣਾ, ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਣੀ ਜਿੰਦਾਂ ਦੇ ਰੋਲ ਨੂੰ ਇੱਕੋ ਜਿਹਾ ਸਮਝ ਲੈਣਾ ਆਦਿ ਅਜਿਹੇ ਪੱਖ ਹਨ ਜਿਨ੍ਹਾਂ ਤੇ ਲੇਖਿਕਾ ਨੂੰ ਪੁਨਰ-ਚਿੰਤਨ ਦੀ ਲੋੜ ਹੈ। ਉਨ੍ਹਾਂ ਅਨੁਸਾਰ ਭਾਰਤੀ ਇਤਿਹਾਸਕਾਰਾਂ ਅਤੇ ਵਿਦੇਸ਼ੀ ਇਤਿਹਾਸਕਾਰਾਂ ਦੇ ਦ੍ਰਿਸ਼ਟੀਕੋਣ ਵਿਚ ਬਹੁਤ ਫ਼ਰਕ ਹੈ। ਇਹ ਵੀ ਇਕ ਕਾਰਨ ਹੈ ਕਿ ਇਤਿਹਾਸਕ ਗੱਲਾਂ ਦਾ ਸਹੀ ਤਰ੍ਹਾਂ ਨਿਬੇੜਾ ਨਹੀਂ ਹੁੰਦਾ। ਇਸ ਲਈ ਜ਼ਰੂਰਤ ਹੈ ਮੁੱਖ ਸ੍ਰੋਤਾਂ ਅਤੇ ਭਾਰਤੀ ਵਿਚਾਰਵਾਨਾਂ ਨਾਲ ਜ਼ਰੂਰ ਰਾਬਤਾ ਬਣਾਇਆ ਜਾਏ। ਪ੍ਰੋ. ਰਾਕੇਸ਼ ਬਾਟਾਬਿਆਲ ਨੇ ਪੁਸਤਕ 'ਚ ਕੀਤੀ ਆਧੁਨਿਕ ਤੇ ਮੱਧਕਾਲੀ ਸਮੇਂ ਦੀ ਵੰਡ, ਸ਼ਬਦਾਂ ਦੀ ਚੋਣ, ਮਹਾਰਾਜੇ ਦਾ ਖ਼ਿਤਾਬ, ਰਾਜ ਪ੍ਰਾਪਤ ਕਰਨ ਦਾ ਤਰੀਕਾ ਆਦਿ ਗੱਲਾਂ ਤੇ ਟਿੱਪਣੀ ਕਰਦਿਆਂ ਉਹਨਾਂ ਪੁਸਤਕ ਨੂੰ ਆਪਣ ਸਮੇਂ ਦੀ ਅਜਿਹੀ ਸਿਰਜਨਾ ਕਿਹਾ ਜਿਸ ਵਿਚ ਸਭਿਆਚਾਰਕ ਅਮੀਰੀ ਸਮੇਤ ਬਹੁਤ ਕੁਝ ਸਮੋਇਆ ਹੋਇਆ ਹੈ। ਡਾ. ਪ੍ਰੀਆ ਅਟਵਾਲ ਨੇ ਦੋਵੇਂ ਵਕਤਿਆਂ ਦੇ ਖ਼ਿਆਲਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਦੱਸਿਆ ਕਿ ਇਹ ਪੁਸਤਕ ਬਹੁਤ ਪਹਿਲਾਂ ਕੀਤੇ ਉਹਨਾਂ ਦੇ ਖੋਜ-ਕਾਰਜ ਦਾ ਪ੍ਰਕਾਸ਼ਿਤ ਰੂਪ ਹੈ। ਉਹ ਉਮੀਦ ਕਰਦੀ ਹੈ ਕਿ ਜਿਨ੍ਹਾਂ ਦੋ ਕਿਤਾਬਾਂ ਬਾਰੇ ਉਸਨੂੰ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਹੈ ਉਹ ਉਸ ਤੇ ਇਹਨਾਂ ਸਾਰੀਆਂ ਕਹੀਆਂ ਗੱਲਾਂ ਦਾ ਧਿਆਨ ਰੱਖਦਿਆਂ ਕੰਮ ਕਰੇਗੀ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਇਸ ਆਨਲਾਈਨ ਚਰਚਾ 'ਚ ਵਿਸ਼ੇਸ਼ ਤੌਰ ਤੇ ਸ਼ਾਮਲ ਡਾ. ਮਨਮੋਹਨ ਸਿੰਘ, ਜਨਰਲ ਜੋਗਿੰਦਰ ਸਿੰਘ, ਡਾ. ਜਗਤਾਰ ਸਿੰਘ ਗਰੇਵਾਲ ਅਤੇ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖


ਪ੍ਰੋ. ਇੰਦੂ ਬਾਂਗਾ


ਪ੍ਰੋ. ਰਾਕੇਸ਼ ਬਾਟਾਬਿਆਲ


ਡਾ. ਪ੍ਰੀਆ ਅਟਵਾਲ


ਡਾ. ਮਾਧੁਰੀ ਚਾਵਲਾ


ਡਾ. ਮਹਿੰਦਰ ਸਿੰਘ


ਡਾ. ਰਵੇਲ ਸਿੰਘ